ਸਾਂਝੀ ਸੋਚ
SANJHI SOCH
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ
VOL-13 ISSUE 2370 | 9 February, 2026 Monday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260

ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

DOWNLOAD THE APP
NOW AVAILABLE ON
24x7
LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

# ਦੇਸ਼ ਵਿਚ ਬਚਣਗੇ ਸਿਰਫ ਵੱਡੇ ਬੈਂਕ?
# ਕੀ ਹੈ ਸਰਕਾਰ ਦੀ ਵਿਕਸਤ ਭਾਰਤ ਲਈ ਯੋਜਨਾ?

**ਨਵੀਂ ਦਿੱਲੀ ਸਾਂਝੀ ਸੋਚ ਬਿਊਰੋ**

ਸਰਕਾਰ ਜਲਦੀ ਹੀ ਵਿਕਸਤ ਭਾਰਤ ਲਈ ਬੈਂਕਿੰਗ 'ਤੇ ਇੱਕ ਉੱਚ-ਪੱਧਰੀ ਕਮੇਟੀ ਸਥਾਪਤ ਕਰੇਗੀ, ਜੋ ਦੇਸ਼ ਦੀਆਂ ਵਿੱਤੀ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਵੱਡੇ ਅਤੇ ਮਜ਼ਬੂਤ ਬੈਂਕਾਂ ਲਈ ਇੱਕ ਰੋਡਮੈਪ ਤਿਆਰ ਕਰੇਗੀ। ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹਾ ਹੈ ਕਿ ਕਮੇਟੀ ਇਹ ਰੂਪਰੇਖਾ ਤਿਆਰ ਕਰੇਗੀ ਕਿ ਵਿਕਸਤ ਭਾਰਤ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਜ਼ਰੂਰੀ ਫੰਡਿੰਗ ਅਤੇ ਕ੍ਰੈਡਿਟ ਪ੍ਰਦਾਨ ਕਰਨ ਲਈ ਬੈਂਕਿੰਗ ਪ੍ਰਣਾਲੀ ਨੂੰ ਕਿਵੇਂ ਤਿਆਰ ਕਰਨਾ ਹੈ। ਸੀਤਾਰਮਨ ਨੇ ਇਹ ਵੀ ਸਪੱਸ਼ਟ ਕੀਤਾ ਕਿ ਇਹ ਪਹਿਲ ਜਨਤਕ ਖੇਤਰ ਦੇ ਬੈਂਕਾਂ ਦੇ ਰਲੇਵੇਂ ਤੱਕ ਸੀਮਤ ਨਹੀਂ ਹੋਣੀ ਚਾਹੀਦੀ। ਉਨ੍ਹਾਂ ਕਿਹਾ ਕਿ ਵਿਕਸਤ ਭਾਰਤ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਮਹੱਤਵਪੂਰਨ ਫੰਡਿੰਗ, ਕ੍ਰੈਡਿਟ ਅਤੇ ਬੈਂਕਿੰਗ ਸਹੂਲਤਾਂ ਦੀ ਲੋੜ ਹੋਵੇਗੀ, ਅਤੇ ਬੈਂਕਿੰਗ ਖੇਤਰ ਨੂੰ ਆਮ ਲੋਕਾਂ ਲਈ ਆਸਾਨੀ ਨਾਲ ਪਹੁੰਚਯੋਗ ਬਣਾਉਣ ਲਈ ਸਸ਼ਕਤ ਬਣਾਇਆ ਜਾਣਾ ਚਾਹੀਦਾ ਹੈ। ਬਜਟ ਭਾਸ਼ਣ ਵਿੱਚ ਵਿੱਤ ਮੰਤਰੀ ਨੇ ਵਿਕਸਤ ਭਾਰਤ ਲਈ ਬੈਂਕਿੰਗ ਉਤੇ ਉੱਚ-ਪੱਧਰੀ ਕਮੇਟੀ ਦਾ ਐਲਾਨ ਕੀਤਾ। ਕਮੇਟੀ ਦਾ ਉਦੇਸ਼ ਬੈਂਕਿੰਗ ਖੇਤਰ ਦੀ ਵਿਆਪਕ ਸਮੀਖਿਆ ਕਰਨਾ ਅਤੇ ਇਸ ਨੂੰ ਦੇਸ਼ ਦੇ ਅਗਲੇ ਵਿਕਾਸ ਪੜਾਅ ਲਈ ਤਿਆਰ ਕਰਨਾ ਹੈ। ਵਿੱਤੀ ਸਥਿਰਤਾ, ਵਿੱਤੀ ਸਮਾਵੇਸ਼ ਅਤੇ ਖਪਤਕਾਰ ਸੁਰੱਖਿਆ ਨੂੰ ਵੀ ਤਰਜੀਹ ਦਿੱਤੀ ਜਾਵੇਗੀ।

**ਪੀਐਫਸੀ ਅਤੇ ਆਰਈਸੀ ਲਈ ਪੁਨਰਗਠਨ ਯੋਜਨਾ**

ਬਜਟ ਵਿਚ ਜਨਤਕ ਖੇਤਰ ਦੇ ਐਨਬੀਐਫਸੀ ਦੀ ਸਮਰੱਥਾ ਵਧਾਉਣ ਲਈ ਪਾਵਰ ਫਾਈਨੈਂਸ ਕਾਰਪੋਰੇਸ਼ਨ (ਪੀਐਫਸੀ) ਅਤੇ ਰੂਰਲ ਇਲੈਕਟ੍ਰੀਫਿਕੇਸ਼ਨ ਕਾਰਪੋਰੇਸ਼ਨ (ਆਰਈਸੀ) ਦੇ ਪੁਨਰਗਠਨ ਦਾ ਵੀ ਪ੍ਰਸਤਾਵ ਹੈ। ਦੋਵੇਂ ਕੰਪਨੀਆਂ ਬਿਜਲੀ ਖੇਤਰ ਵਿੱਚ ਬਿਜਲੀ ਉਤਪਾਦਨ, ਟ੍ਰਾਂਸਮਿਸ਼ਨ ਅਤੇ ਵੰਡ ਪ੍ਰੋਜੈਕਟਾਂ ਨੂੰ ਫੰਡ ਦੇਣ ਵਿੱਚ ਮੁੱਖ ਭੂਮਿਕਾ ਨਿਭਾਉਂਦੀਆਂ ਹਨ। 2019 ਵਿੱਚ ਪੀਐਫਸੀ ਨੇ ਸਰਕਾਰ ਤੋਂ ਆਰਈਸੀ ਵਿੱਚ 52.63 ਪ੍ਰਤੀਸ਼ਤ ਹਿੱਸੇਦਾਰੀ ਪ੍ਰਾਪਤ ਕੀਤੀ, ਲਗਭਗ 14,500 ਕਰੋੜ ਦਾ ਭੁਗਤਾਨ ਕੀਤਾ। ਪ੍ਰਤੀ ਸ਼ੇਅਰ ਪ੍ਰਾਪਤੀ ਕੀਮਤ 139.50 ਨਿਰਧਾਰਤ ਕੀਤੀ ਗਈ ਸੀ, ਅਤੇ ਆਰਥਿਕ ਮਾਮਲਿਆਂ ਬਾਰੇ ਕੈਬਨਿਟ ਕਮੇਟੀ ਨੇ ਸਿਧਾਂਤਕ ਪ੍ਰਵਾਨਗੀ ਦਿੱਤੀ।




**ਪੀਐਫਸੀ ਅਤੇ ਆਰਈਸੀ ਵਿਚਕਾਰ ਰਲੇਵੇਂ ਦੀ ਸਥਿਤੀ ਕੀ ਹੈ?**

ਹਾਲ ਹੀ ਵਿੱਚ ਪੀਐਫਸੀ ਬੋਰਡ ਨੇ ਆਰਈਸੀ ਲਿਮਟਿਡ ਨਾਲ ਰਲੇਵੇਂ ਲਈ ਸਿਧਾਂਤਕ ਪ੍ਰਵਾਨਗੀ ਦਿੱਤੀ ਹੈ। ਇਹ ਕਦਮ ਬਜਟ ਵਿੱਚ ਐਲਾਨ ਤੋਂ ਬਾਅਦ ਆਇਆ ਹੈ। ਪੀਐਫਸੀ ਅਤੇ ਆਰਈਸੀ ਦੋਵੇਂ ਨਵਰਤਨ ਜਨਤਕ ਖੇਤਰ ਦੀਆਂ ਕੰਪਨੀਆਂ ਹਨ, ਅਤੇ ਉਨ੍ਹਾਂ ਦੇ ਰਲੇਵੇਂ ਨੂੰ ਬਿਜਲੀ ਖੇਤਰ ਦੇ ਵਿੱਤ ਵਿੱਚ ਏਕੀਕਰਨ ਵੱਲ ਇੱਕ ਵੱਡਾ ਕਦਮ ਮੰਨਿਆ ਜਾਂਦਾ ਹੈ।

**ਮੈਗਾ ਬੈਂਕਾਂ ਦੀ ਲੋੜ ਕਿਉਂ ਹੈ?**

ਵਿੱਤ ਮੰਤਰੀ ਨੇ ਕਿਹਾ ਕਿ ਵਿਕਸਤ ਭਾਰਤ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਵੱਡੇ ਪੱਧਰ ਉਤੇ ਫੰਡਿੰਗ ਅਤੇ ਕ੍ਰੈਡਿਟ ਸਿਸਟਮ ਜ਼ਰੂਰੀ ਹੈ। ਬੁਨਿਆਦੀ ਢਾਂਚੇ, ਉਦਯੋਗ, ਬਿਜਲੀ ਅਤੇ ਆਮ ਜਨਤਾ ਨੂੰ ਕਰਜ਼ੇ ਪ੍ਰਦਾਨ ਕਰਨ ਲਈ ਇੱਕ ਮਜ਼ਬੂਤ ਬੈਂਕਿੰਗ ਸਿਸਟਮ ਦੀ ਲੋੜ ਹੋਵੇਗੀ। ਇਸ ਲਈ ਸਰਕਾਰ ਬੈਂਕਿੰਗ ਸੈਕਟਰ ਨੂੰ ਵੱਡੇ ਅਤੇ ਵਧੇਰੇ ਕੁਸ਼ਲ ਸੰਸਥਾਵਾਂ ਵਿੱਚ ਬਦਲਣ ਲਈ ਇੱਕ ਰਣਨੀਤੀ ਵਿਕਸਤ ਕਰ ਰਹੀ ਹੈ।

Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511



RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor®
Contact : Cell (209) 550-1704
220 - A Standiford Ave, Modesto, CA 95350, kkaur@mycvre.com
EACH OFFICE IS INDEPENDENTLY OWNED AND OPERATED

Space availabe for Ad
Contact #
+1 (209) 303-1260

Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality
Wedding Videos
Pre Wedding
Shoots
Packages fit to your budget
Contact: Barjesh 209-541-0641
Email: lambavideoproduction@yahoo.com

Mann & Associates Insurance Services, Inc.
Medicare Supplement Plans
• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ
• The American Rescue Plan passed by President Biden could save you hundreds or even thousands of dollars a month.
• There is more financial help than ever before
• Even if you didn't qualify for subsidies before, now you might be able to save thousands on health insurance premiums.
• Huge tax credits are available only if you apply thru Covered California
ਹੈਲਥ ਇੰਸ਼ੋਰੈਂਸ ਨਾ ਕਰਵਾਉਣ 'ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸ਼ੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।
Inderjeet Singh Mann
CA Lic# 0H82488
Anthem
Certified Insurance Agent
Ph.: (916) 900-2000

Space availabe for Ad
Contact #
+1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Simranveer Singh
Realtor
The JRP Group
Ph: (414) 551-0530
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com
www.thepalfilms.com

# JRP REALTY GROUP

A TRADITION OF REAL ESTATE EXCELLENCE

**SERVING CALIFORNIA FOR COMMERCIAL REAL ESTATE NEEDS**

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS





**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

# LENDINGASSETS

Elevating Your Mortgage Experience

## Home Loan ਘਰਾਂ ਦੇ ਲੋਨ


- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



**Apply online at www.lendingassets.com and check out the live lowest rates on our website**


OPEN
NAV INDIAN MERCHANDISE
GROCERY STORE
3230 MITCHELL ROAD, STE, C, CERES, CA 95307
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ
ਇੱਕ ਵਾਰ Visit ਜ਼ਰੂਰ ਕਰੋ।
Ria MONEY TRANSFER
INDIA
ਪੈਸੇ ਭੇਜਣ ਲਈ
RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Contact Number
+1 (209) 537-5702

ਸਾਂਝੀ ਸੋਚ
SANJHI SOCH

www.sanjhisoch.com
PATTRON: HARJIT BASI
MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH

DAILY NEWSPAPER

2601 Oakdale Road,
Suite H2-167 Modesto,
CA 95355 USA

Cell: (209) 303-1260

Email: info@sanjhisoch.com

Visit at: www.sanjhisoch.com

# ਸੋਸ਼ਲ ਮੀਡੀਆ ਰਾਹੀਂ ਮੁੜ ਪੈਰ ਪਸਾਰ ਰਿਹਾ ਡੀ ਡੀ ਪੰਜਾਬੀ

ਸਮੇਂ ਦੇ ਬਦਲਾਅ ਦੇ ਨਾਲ ਗਤੀਸ਼ੀਲ ਹੋਣ ਦਾ ਦੂਜਾ ਨਾਂ ਹੈ ਪ੍ਰਗਤੀਸ਼ੀਲ ਬਣਨਾ। ਜਿੰਨਾ ਚਿਰ ਅਸੀਂ ਜ਼ਮਾਨੇ ਦੇ ਨਾਲ ਨਾਲ ਨਹੀਂ ਤੁਰਦੇ ਓਨਾਂ ਚਿਰ ਸਾਡੇ ਲਈ ਸਫ਼ਲਤਾ ਦੇ ਰਸਤੇ ਵੀ ਨਹੀਂ ਖੁੱਲ੍ਹ ਸਕਦੇ। ਤੇਜ਼ ਰਫ਼ਤਾਰ ਜ਼ਿੰਦਗੀ ਦੇ ਨਾਲ ਨਾਲ ਜ਼ਮਾਨਾ ਵੀ ਬਹੁਤ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਜੇ ਅਸੀਂ ਪ੍ਰਗਤੀਵਾਦੀ ਸੋਚ ਦੇ ਧਾਰਨੀ ਹਾਂ ਤਾਂ ਸਾਨੂੰ ਨਵੀਂ ਵਿਚਾਰਧਾਰਾ ਦੇ ਕਦਮ ਨਾਲ ਕਦਮ ਮਿਲਾ ਕੇ ਚੱਲਣਾ ਹੀ ਪਵੇਗਾ। ਅੱਜ ਦੀ ਭੱਜ ਦੌੜ ਦੀ ਜ਼ਿੰਦਗੀ ਵਿੱਚ ਮਨੁੱਖ ਕੋਲ ਲੰਮਾ ਸਮਾਂ ਟੀ ਵੀ ਅੱਗੇ ਬੈਠ ਕੇ ਵੱਡੇ ਵੱਡੇ ਪ੍ਰੋਗਰਾਮ ਵੇਖਣ ਦਾ ਵਕ਼ਤ ਕਿੱਥੇ ਹੈ। ਹਰ ਵਿਅਕਤੀ ਦੇ ਹੱਥ ਵਿੱਚ ਫੜਿਆ ਮੋਬਾਈਲ ਫ਼ੋਨ ਹੀ ਟੀ ਵੀ ਦੀ ਜ਼ਰੂਰਤ ਪੂਰੀ ਕਰ ਰਿਹਾ ਹੈ। ਅੱਜ ਕੱਲ੍ਹ ਕੰਮਾਂ ਕਾਰਾਂ ਤੇ, ਸਫ਼ਰ ਕਰਦਿਆਂ ਹੋਇਆਂ, ਵਿਆਹ ਸ਼ਾਦੀ ਦੇ ਅਵਸਰਾਂ ਤੇ, ਇੱਥੋਂ ਤੱਕ ਕਿ ਸੱਥਾਂ ਵਿੱਚ ਬੈਠੇ ਬਜ਼ੁਰਗਾਂ ਦੇ ਹੱਥਾਂ ਵਿੱਚ ਵੀ ਮੋਬਾਈਲ ਫੋਨ ਫੜੇ ਹੁੰਦੇ ਹਨ। ਹਰ ਵਰਗ ਦੇ ਲੋਕ ਮੋਬਾਈਲ ਫੋਨਾਂ ਤੇ ਆਪਣੇ ਕੰਮ ਦੇ ਨਾਲ ਨਾਲ ਦੁਨੀਆਂ ਭਰ ਵਿੱਚ ਵਾਪਰ ਰਹੀਆਂ ਘਟਨਾਵਾਂ ਨੂੰ ਵੀ ਦੇਖ ਰਿਹਾ ਹੁੰਦੇ ਹਨ ਤੇ ਨਾਲ ਦੀ ਨਾਲ ਮਨੋਰੰਜਨ ਵੀ ਕਰ ਰਹੇ ਹੁੰਦੇ ਹਨ।

ਅੱਜ ਤੋਂ ਚਾਰ ਪੰਜ ਕੁ ਦਹਾਕੇ ਪਹਿਲਾਂ ਦੀ ਗੱਲ ਕਰੀਏ ਤਾਂ ਟੈਲੀਵਿਜ਼ਨ ਕਿਸੇ ਕਿਸੇ ਦੇ ਘਰ ਹੁੰਦਾ ਸੀ। ਨਾ ਬਹੁਤੇ ਚੈਨਲ ਹੁੰਦੇ ਸਨ ਤੇ ਨਾ ਅੱਜ ਦੀ ਤਰ੍ਹਾਂ ਬਹੁਤ ਸਾਰੇ ਪ੍ਰੋਗਰਾਮ ਚੌਵੀ ਘੰਟੇ ਪ੍ਰਸਾਰਿਤ ਕੀਤੇ ਜਾਂਦੇ ਸਨ। ਜਲੰਧਰ ਦੂਰਦਰਸ਼ਨ ਜਿਸ ਨੂੰ ਅੱਜ ਕੱਲ੍ਹ ਡੀ ਡੀ ਪੰਜਾਬੀ ਕਿਹਾ ਜਾਂਦਾ ਹੈ ਸਿਰਫ਼ ਉਸ ਉੱਤੇ ਨਿਰਧਾਰਤ ਸਮੇਂ ਤੇ ਸ਼ਾਮ ਤੋਂ ਲੈਕੇ ਰਾਤ ਤੱਕ ਥੋੜ੍ਹੇ ਜਿਹੇ ਨਿਸ਼ਚਿਤ ਪ੍ਰੋਗਰਾਮ ਪੇਸ਼ ਕੀਤੇ ਜਾਂਦੇ ਸਨ। ਜੇ ਆਪਾਂ ਇਸ ਦੇ ਇਤਿਹਾਸ ਤੇ ਨਜ਼ਰ ਮਾਰੀਏ ਤਾਂ 15 ਸਤੰਬਰ 1959 ਨੂੰ ਦੂਰਦਰਸ਼ਨ ਦੀ ਸ਼ੁਰੂਆਤ ਹੋਈ ਸੀ।

ਜਦੋਂ ਪੂਰੀ ਦੁਨੀਆ ਇੱਕ ਛੋਟੇ ਜਿਹੇ ਡੱਬੇ ਵਿੱਚ ਕੈਦ ਹੋਣ ਲੱਗ ਪਈ ਸੀ। ਇਹ ਸਭ ਕੁਝ ਆਮ ਲੋਕਾਂ ਲਈ ਇੱਕ ਅਚੰਭੇ ਤੋਂ ਘੱਟ ਨਹੀਂ ਸੀ ਕਿਉਂਕਿ ਕੰਧਾਂ ਉੱਤੇ ਕੀਲਿਆਂ ਤੇ ਟੰਗੇ ਟਰਾਂਜ਼ਿਸਟਰ ਜਾਂ ਬੈਠਕਾਂ ਵਿੱਚ ਸਜਾ ਕੇ ਰੱਖੇ ਰੇਡੀਓ ਉੱਤੇ ਲੋਕਾਂ ਨੂੰ ਗਾਣੇ, ਖ਼ਬਰਾਂ ਅਤੇ ਫਰਮਾਇਸ਼ ਵਾਲੇ ਪ੍ਰੋਗਰਾਮ ਸੁਣਨ ਦੀ ਆਦਤ ਸੀ। ਹੁਣ ਲੋਕਾਂ ਨੂੰ ਅਵਾਜ਼ ਦੇ ਨਾਲ ਨਾਲ ਸ਼ਕਲਾਂ ਦੇਖਣ ਵਾਲੇ ਯੰਤਰ ਦਾ ਬੇਸਬਰੀ ਨਾਲ਼ ਕੀਤਾ ਜਾ ਰਿਹਾ ਇੰਤਜ਼ਾਰ ਪੂਰਾ ਹੋਇਆ ਸੀ। ਜਦੋਂ 15 ਸਤੰਬਰ 1959 ਨੂੰ, ਭਾਰਤ ਵਿੱਚ ਇੱਕ ਸਰਕਾਰੀ ਪ੍ਰਸਾਰਕ ਵਜੋਂ ਦੂਰਦਰਸ਼ਨ ਦੀ ਨੀਂਹ ਰੱਖੀ ਗਈ ਸੀ। ਉਸ ਸਮੇਂ ਛੋਟੇ ਪਰਦੇ 'ਤੇ ਚੱਲਦੀਆਂ ਤਸਵੀਰਾਂ ਦਿਖਾਉਣ ਵਾਲਾ ਇਹ ਇਲੈਕਟ੍ਰਿਕ ਯੰਤਰ ਲੋਕਾਂ ਲਈ ਹੈਰਾਨੀ ਅਤੇ ਉਤਸੁਕਤਾ ਦਾ ਕੇਂਦਰ ਸੀ। ਹਰ ਕੋਈ ਆਰਥਿਕ ਤੌਰ ਤੇ ਐਨਾ ਮਜ਼ਬੂਤ ਨਹੀਂ ਸੀ ਕਿ ਇਸ ਮਹਿੰਗੀ ਸ਼ੈਅ ਨੂੰ ਖ਼ਰੀਦ ਸਕੇ ਇਸ ਲਈ ਦੂਰ-ਦੁਰਾਡੇ ਤੋਂ ਲੋਕ ਉਸ ਘਰ ਨੂੰ ਦੇਖਣ ਆਉਂਦੇ ਸਨ ਜਿਸ ਵਿੱਚ ਟੈਲੀਵਿਜ਼ਨ ਹੁੰਦਾ ਸੀ। ਛੱਤ 'ਤੇ ਲਗਾਇਆ ਗਿਆ ਟੈਲੀਵਿਜ਼ਨ ਐਂਟੀਨਾ ਉਸ ਸਮੇਂ ਸਮਾਜਿਕ ਰੋਹਬ ਦਾ ਪ੍ਰਤੀਕ ਮੰਨਿਆ ਜਾਂਦਾ ਸੀ। ਭਾਰਤੀ ਕਲਾ ਅਤੇ ਸੱਭਿਆਚਾਰ ਨੂੰ ਦਰਸਾਉਂਦੇ ਪ੍ਰੋਗਰਾਮ ਇਸ ਸਰਕਾਰੀ ਪ੍ਰਸਾਰਣ ਸੇਵਾ ਦਾ ਮੁੱਖ ਹਿੱਸਾ ਸਨ। ਸ਼ੁਰੂਆਤ ਵਿੱਚ, ਦੂਰਦਰਸ਼ਨ ਸਿਰਫ ਸੀਮਤ ਸਮੇਂ ਲਈ ਪ੍ਰੋਗਰਾਮ ਪ੍ਰਸਾਰਿਤ ਕਰਦਾ ਸੀ। ਦੂਰਦਰਸ਼ਨ ਦੀ ਸਥਾਪਨਾ 23 ਸਤੰਬਰ 1973 ਨੂੰ ਕੀਤੀ ਗਈ ਸੀ ਤੇ ਦੂਰਦਰਸ਼ਨ ਕੇਂਦਰ ਜਲੰਧਰ ਦਾ ਉਦਘਾਟਨ 13 ਅਪ੍ਰੈਲ 1979 ਨੂੰ ਅੰਮ੍ਰਿਤਸਰ ਤੋਂ ਇੱਥੇ ਤਬਦੀਲ ਹੋਣ ਤੋਂ ਬਾਅਦ ਕੀਤਾ ਗਿਆ ਸੀ। ਅੰਮ੍ਰਿਤਸਰ ਦੀ ਬਜਾਏ ਇੱਥੇ ਇਸ ਦੀ ਸਥਾਪਨਾ ਉਸ ਵੇਲੇ ਦੇ ਕੇਂਦਰੀ ਆਈ ਐਂਡ ਬੀ ਮੰਤਰੀ ਇੰਦਰ ਕੁਮਾਰ ਗੁਜਰਾਲ ਦੇ ਯਤਨਾਂ ਸਦਕਾ ਸੰਭਵ ਹੋਈ ਸੀ। ਸਟੇਸ਼ਨ ਗੁਜਰਾਲ ਨਗਰ ਵਿਖੇ ਸਥਿਤ ਹੈ। ਪਹਿਲਾਂ ਪਹਿਲ ਦੂਰਦਰਸ਼ਨ ਕੇਂਦਰ ਦਿਨ ਵਿੱਚ ਕੁਝ ਘੰਟਿਆਂ ਦੇ ਪ੍ਰੋਗਰਾਮਾਂ ਤੱਕ ਸੀਮਤ ਸੀ ਜਿਵੇਂ ਪ੍ਰੋਗਰਾਮ ਪਰਖ,ਵੀਹ ਸਵਾਲ,ਚਿੱਤਰਹਾਰ,ਅਤਰੋ ਚਤਰੋ ਆਦਿਕ ਮਨੋਰੰਜਨ ਭਰਪੂਰ ਪ੍ਰੋਗਰਾਮਾਂ ਦਾ ਬੱਚੇ,ਬੁੱਢੇ ਜਵਾਨ ਸਭ ਬਹੁਤ ਬੇਸਬਰੀ ਨਾਲ਼ ਇੰਤਜ਼ਾਰ ਕਰਦੇ ਸਨ। ਇੱਥੋਂ ਤੱਕ ਕਿ ਬਜ਼ੁਰਗ ਰਮਨ ਕੁਮਾਰ ਦੀਆਂ ਖ਼ਬਰਾਂ ਨੂੰ ਵੀ ਕਿਸੇ ਫ਼ਿਲਮ ਨਾਲੋਂ ਘੱਟ ਦਿਲਚਸਪੀ ਨਾਲ ਨਹੀਂ ਦੇਖਦੇ ਸਨ। ਡੀਡੀ ਪੰਜਾਬੀ ਚੈਨਲ 1998 ਵਿੱਚ ਲਾਂਚ ਕੀਤਾ ਗਿਆ ਸੀ ਅਤੇ ਇਹ ਦੋ ਸਾਲਾਂ ਦੌਰਾਨ 24 ਘੰਟੇ ਦੀ ਸੇਵਾ ਪ੍ਰਦਾਨ ਕਰਨ ਲੱਗਿਆ ਸੀ।

ਇਸ ਸਮੇਂ ਜਲੰਧਰ ਦੂਰਦਰਸ਼ਨ ਕੇਂਦਰ, ਡੀਡੀ ਪੰਜਾਬੀ ਜਲੰਧਰ ਦੇ ਨਾਂ ਹੇਠ ਆਪਣੇ ਪ੍ਰੋਗਰਾਮਾਂ ਦਾ ਪ੍ਰਸਾਰਣ ਕਰਦਾ ਹੈ। ਅੱਜ ਚਾਹੇ ਸਮੇਂ ਦੇ ਬਦਲਾਅ ਨਾਲ ਨਾਲ ਡੀ ਡੀ ਪੰਜਾਬੀ ਦੀ ਪੂਰੀ ਦੁਨੀਆ ਵਿੱਚ 100 ਪ੍ਰਤੀਸ਼ਤ ਪਹੁੰਚ ਹੋ ਗਈ ਹੈ ਪਰ ਸਮਾਂ ਕੱਢ ਕੇ ਵੇਖਣ ਵਾਲੇ ਦਰਸ਼ਕਾਂ ਦੀ ਬਹੁਤ ਕਮੀ ਹੋ ਗਈ। ਡਿਜ਼ੀਟਲ ਯੁੱਗ ਅਤੇ ਸੰਚਾਰ ਕ੍ਰਾਂਤੀ ਦੇ ਸਮੇਂ ਵਿੱਚ ਨੌਜਵਾਨ ਪੀੜ੍ਹੀ 'ਦੂਰਦਰਸ਼ਨ' ਦੀ ਮਹੱਤਤਾ ਨੂੰ ਬਹੁਤ ਘੱਟ ਸਮਝਦੀ ਹੈ, ਪਰ ਪੁਰਾਣੀ ਪੀੜ੍ਹੀ ਦਾ ਇਸ ਨਾਲ ਦਿਲ ਦੀਆਂ ਗਹਿਰਾਈਆਂ ਤੋਂ ਸਬੰਧ ਰਿਹਾ ਹੈ। ਤੇਜ਼ੀ ਨਾਲ ਇਲੈਕਟ੍ਰਾਨਿਕ ਮੀਡੀਆ ਦੇ ਪੈਰ ਪਸਰਨ ਲੱਗੇ, ਕੰਪਿਊਟਰ, ਲੈਪਟਾਪ, ਮੋਬਾਈਲ ਫੋਨਾਂ ਆਉਣ ਦੇ ਨਾਲ ਨਾਲ ਟੀ ਵੀ ਤੇ ਵੀ ਬਹੁਤ ਸਾਰੇ ਪ੍ਰਾਈਵੇਟ ਚੈਨਲਾਂ ਦਾ ਪ੍ਰਸਾਰ ਹੋਇਆ। ਇਸ ਤੇਜ਼ ਰਫ਼ਤਾਰੀ ਅਤੇ ਚਮਕ ਦਮਕ ਦੀ ਦੁਨੀਆਂ ਵਿੱਚ ਪ੍ਰਾਈਵੇਟ ਚੈਨਲਾਂ ਵੱਲੋਂ ਲੋਕਾਂ ਨੂੰ ਉਹਨਾਂ ਦੇ ਸਵਾਦ ਅਨੁਸਾਰ ਵੱਖ ਵੱਖ ਚੈਨਲ ਪਰੋਸ ਦਿੱਤੇ ਗਏ । ਉਹਨਾਂ ਦੀ ਚਮਕ ਦਮਕ ਹੇਠ ਪੰਜਾਬੀਆਂ ਦੇ ਲਾਡਲੇ ਅਤੇ ਪੰਜਾਬੀ ਸਭਿਆਚਾਰ ਦੇ ਪਹਿਰੇਦਾਰ ਚੈਨਲ ਨੂੰ ਬਹੁਤੇ ਲੋਕਾਂ ਵੱਲੋਂ ਅਣਗੌਲਿਆਂ ਕੀਤਾ ਜਾਣ ਲੱਗਿਆ।

ਚਾਹੇ ਸਮੇਂ ਸਮੇਂ ਤੇ ਪੰਜਾਬੀ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਡੀ ਡੀ ਪੰਜਾਬੀ ਵੱਲੋਂ ਵਧੀਆ ਤੋਂ ਵਧੀਆ ਪ੍ਰੋਗਰਾਮ ਨਵੇਂ ਨਵੇਂ ਤਰੀਕਿਆਂ ਨਾਲ ਪੇਸ਼ ਕੀਤੇ ਜਾਣ ਲੱਗੇ ਹਨ ਪਰ ਫਿਰ ਵੀ ਸਮੇਂ ਦੀ ਤੇਜ਼ ਰਫ਼ਤਾਰੀ ਅਤੇ ਹੋਰ ਕਈ ਕਾਰਨਾਂ ਕਰਕੇ ਇਸ ਵਿੱਚ ਚੈਨਲ ਨਵੀਂ ਪੀੜ੍ਹੀ ਦਾ ਰੁਝਾਨ ਬਹੁਤ ਘੱਟ ਸੀ। ਸਮੇਂ ਦੀ ਨਜ਼ਾਕਤ ਨੂੰ ਪਛਾਣਦਿਆਂ ਪਿਛਲੇ ਕੁਝ ਸਮੇਂ ਤੋਂ ਡੀ ਡੀ ਪੰਜਾਬੀ ਵੱਲੋਂ ਵੀ ਸੋਸ਼ਲ ਮੀਡੀਆ ਦਾ ਸਦਉਪਯੋਗ ਤੇਜ਼ੀ ਨਾਲ ਕੀਤਾ ਜਾਣ ਲੱਗਿਆ ਹੈ । ਡੀ ਡੀ ਪੰਜਾਬੀ ਵੱਲੋਂ ਫੇਸਬੁੱਕ, ਇੰਸਟਾਗ੍ਰਾਮ, ਯੂਟਿਊਬ ਅਤੇ ਐਕਸ ਉੱਤੇ ਚੈਨਲ ਬਣਾ ਲਏ ਗਏ ਹਨ ਜਿਸ ਨੂੰ ਹਰ ਕੋਈ ਆਪਣੇ ਮੋਬਾਈਲ ਤੇ ਅਸਾਨੀ ਨਾਲ ਵੇਖ ਸਕਦਾ ਹੈ। ਪ੍ਰੋਗਰਾਮਾਂ ਵਿੱਚ ਨਵੀਨੀਕਰਨ ਕੀਤੇ ਜਾਣ ਨਾਲ ਉਨ੍ਹਾਂ ਦੇ ਸੈੱਟ ਵੀ ਜ਼ਮਾਨੇ ਦੇ ਹਿਸਾਬ ਨਾਲ ਲਗਾਏ ਜਾਣ ਲੱਗੇ ਹਨ। ਉਦਾਹਰਣ ਦੇ ਤੌਰ ਤੇ"ਮੇਰਾ ਪਿੰਡ ਮੇਰੇ ਖੇਤ" ਪ੍ਰੋਗਰਾਮ ਚਾਹੇ ਕਿਸਾਨਾਂ ਨਾਲ਼ ਜੁੜਿਆ ਹੋਇਆ ਪ੍ਰੋਗਰਾਮ ਹੈ ਪਰ ਉਸ ਦੇ ਦ੍ਰਿਸ਼ ਮਨ ਨੂੰ ਮੋਹ ਲੈਣ ਵਾਲ਼ੇ ਹੁੰਦੇ ਹਨ। ਉਹਨਾਂ ਦੀਆਂ ਵੀਡੀਓਜ਼ ਆਮ ਵਿਅਕਤੀ ਨੂੰ ਵੀ ਆਪਣੇ ਵੱਲ ਖਿੱਚ ਪਾਉਂਦੀਆਂ ਹਨ ਤੇ ਖੋਲ੍ਹ ਕੇ ਵੇਖਣ ਨੂੰ ਮਜ਼ਬੂਰ ਕਰਦੀਆਂ ਹਨ ਕਿਉਂਕਿ ਉਸ ਦੇ ਪੇਂਡੂ ਦ੍ਰਿਸ਼ ਮਨ ਨੂੰ ਸਕੂਨ ਦੇਣ ਵਾਲ਼ੇ ਹੁੰਦੇ ਹਨ। ਪੁਰਾਣੇ ਪੰਜਾਬੀ ਕਲਾਕਾਰਾਂ ਦੇ ਦੂਰਦਰਸ਼ਨ ਦੀਆਂ ਸਟੇਜਾਂ ਤੇ ਫ਼ਿਲਮਾਏ ਗੀਤਾਂ ਦੇ ਛੋਟੇ ਛੋਟੇ ਕਲਿੱਪ ਜਿਸ ਨੂੰ ਸੋਸ਼ਲ ਮੀਡੀਆ ਦੀ ਭਾਸ਼ਾ ਵਿੱਚ ਰੀਲਾਂ ਕਿਹਾ ਜਾਂਦਾ ਹੈ,ਜਦ ਸਾਹਮਣੇ ਆਉਂਦੀਆਂ ਹਨ ਤਾਂ ਬਜ਼ੁਰਗ ਆਪ ਮੁਹਾਰੇ ਹੀ ਬੀਤੇ ਸਮੇਂ ਦੀਆਂ ਸੁਨਹਿਰੀ ਯਾਦਾਂ ਤਰੋ ਤਾਜ਼ਾ ਕਰ ਲੈਂਦੇ ਹਨ।

ਗੁੰਮ ਹੋ ਚੁੱਕੇ ਸਮੇਂ ਦੀਆਂ ਯਾਦਾਂ ਨੂੰ ਸੁਰਜੀਤ ਕਰਨ ਵਿੱਚ ਡੀ ਡੀ ਪੰਜਾਬੀ ਅਹਿਮ ਭੂਮਿਕਾ ਨਿਭਾ ਰਿਹਾ ਹੈ। ਸੱਜਰੀ ਸਵੇਰ ਵਿੱਚ ਪੇਸ਼ ਕੀਤੇ ਜਾਣ ਵਾਲੇ ਕਈ ਤਰ੍ਹਾਂ ਦੇ ਪ੍ਰੋਗਰਾਮਾਂ ਦੀਆਂ ਕੰਮ ਦੀਆਂ ਗੱਲਾਂ ਦੇ ਛੋਟੇ ਛੋਟੇ ਕਲਿੱਪ ਸੋਸ਼ਲ ਮੀਡੀਆ ਤੇ ਵਾਇਰਲ ਹੋਣ ਲੱਗ ਪਏ ਹਨ ਜਿਸ ਨਾਲ ਦਰਸ਼ਕ ਸਹਿਜ ਸੁਭਾਅ ਹੀ ਤੇਜ਼ੀ ਨਾਲ ਜੁੜ ਰਹੇ ਹਨ। ਨਵੀਂ ਪੀੜ੍ਹੀ ਦੇ ਸੋਸ਼ਲ ਮੀਡੀਆ ਦੇ ਚਰਚਿਤ ਅਤੇ ਵੱਡੀ ਗਿਣਤੀ ਵਿੱਚ ਲੋਕਾਂ ਵੱਲੋਂ ਪਸੰਦ ਕੀਤੇ ਜਾਣ ਵਾਲੇ ਕਲਾਕਾਰਾਂ ਨੂੰ ਡੀ ਡੀ ਪੰਜਾਬੀ ਆਪਣੇ ਨਾਲ ਜੋੜ ਕੇ ਬਹੁਤ ਸਮਝਦਾਰੀ ਨਾਲ ਉਹਨਾਂ ਦੇ ਦਰਸ਼ਕਾਂ ਨੂੰ ਵੀ ਆਪਣੇ ਨਾਲ ਜੋੜਨ ਦੀਆਂ ਕੋਸ਼ਿਸ਼ਾਂ ਵਿੱਚ ਕਾਮਯਾਬ ਹੋ ਗਿਆ ਹੈ। ਟੀ ਵੀ ਮੂਹਰੇ ਬੈਠ ਕੇ ਡੀ ਡੀ ਪੰਜਾਬੀ ਨੂੰ ਵੇਖਣ ਵਾਲੇ ਦਰਸ਼ਕਾਂ ਦੀ ਗਿਣਤੀ ਭਾਵੇਂ ਘੱਟ ਹੋਵੇ ਪਰ ਅੱਜ ਕੱਲ੍ਹ ਸੋਸ਼ਲ ਮੀਡੀਆ ਰਾਹੀਂ ਡੀ ਡੀ ਪੰਜਾਬੀ ਬਹੁਤ ਤੇਜ਼ੀ ਨਾਲ ਪੈਰ ਪਸਾਰ ਰਿਹਾ ਹੈ। ਇਸ ਲਈ ਸਬੰਧਤ ਟੀਮ ਜਾਂ ਅਧਿਕਾਰੀ ਵਧਾਈ ਦੇ ਪਾਤਰ ਹਨ।



SANJHI SOCH
ਬਰਜਿੰਦਰ ਕੌਰ ਬਿਸਰਾਓ
99889-01324

PERSONAL CONTACT NOTICE

To,
Rupinder Kaur, daughter of Late Harbans Singh Sandhu
If you are reading this notice, please contact Rajdeep Singh regarding an important personal matter.
You may contact me at:Phone: 669-290-3084
Email: Rajdeepsinghpooni72@gmail.com
This notice is published solely to request contact.

Information in Public Interest

To listen to Dr.Gurdip Singh Sandhu health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Contact:(408) 687-1899, (925) 587-1148


SERVPRO
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702


ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682


Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ।
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307

REALTY UNPLUGGED

# ਤੁਹਾਡੀਆਂ ਜੜ੍ਹਾਂ
# ਤੁਹਾਡਾ ਮੁਨਾਫ਼ਾ $



ਸਮਝਦਾਰ NRI ਪੰਜਾਬੀਆਂ ਨੇ 2024 ਵੱਚਿ ਭਾਰਤੀ ਰੀਅਲ ਅਸਟੇਟ ਵੱਚਿ **$13 ਬਲਿੀਅਨ** ਲਗਾਏ—ਕਉਿੰਕ ਿਉਹਨਾਂ ਨੂੰ ਪਤਾ ਸੀ:

**ਤੁਹਾਡਾ ਡਾਲਰ + ਭਾਰਤ ਦੀ ਤਰੱਕੀ = ਪੀੜ੍ਹੀਆਂ ਦੀ ਦੌਲਤ**

## ਜਦੋਂ ਤੁਹਾਡਾ ਡਾਲਰ ਬਾਹਰ 4% ਕਮਾਉਂਦਾ ਹੈ, ਭਾਰਤ 18-20% ਦੇਂਦਾ ਹੈ

- **7.2% GDP ਵਾਧਾ** - ਦੁਨੀਆਂ ਦੀ 3.1% ਨਾਲੋਂ ਦੁੱਗਣਾ ਤੇਜ਼
- **3.48 ਲੱਖ ਹੁਨਰਮੰਦ ਭਾਰਤੀ** 2024 ਵੱਚਿ ਵਾਪਸ ਆਏ
- **$70 ਬਲਿੀਅਨ+ ਵਦਿੇਸ਼ੀ ਨਵਿੇਸ਼** - ਦੁਨੀਆਂ ਦਾ ਭਰੋਸਾ ਭਾਰਤ ਉੱਤੇ

## ਤੁਹਾਡੇ ਲਈ ਨਵਿੇਸ਼ ਦੇ ਰਾਹ

| ਨਵਿੇਸ਼ ਦੀ ਕਸਿਮ | ਸਾਲਾਨਾ ਮੁਨਾਫ਼ਾ | ਕਸਿ ਲਈ ਢੁਕਵਾਂ |
|---|---|---|
| ਵਕਿਾਸਸ਼ੀਲ ਇਲਾਕਆਿਂ ਦੀ ਜ਼ਮੀਨ | 18-20% ਵਾਧਾ | ਲੰਮੀ ਮਿਆਦ ਦੀ ਦੌਲਤ |
| ਨਰਿਮਾਣ ਅਧੀਨ ਪ੍ਰੀਮੀਅਮ ਫਲੈਟ | 16-18% ਵਾਧਾ | ਪੂੰਜੀ ਵਾਧਾ |
| ਸਟੂਡੀਓ ਅਪਾਰਟਮੈਂਟ | 7-9% ਕਿਰਾਇਆ + 7-9% ਵਾਧਾ | ਨਿਯਮਿਤ ਆਮਦਨ |
| ਪ੍ਰੀ-ਲੀਜ਼ਡ ਕਮਰਸ਼ੀਅਲ | 6-8% ਕਿਰਾਇਆ + 6-8% ਵਾਧਾ | ਸੁਰੱਖਿਅਤ ਨਿਵੇਸ਼ |

**ਨਵਿੇਸ਼ ਸੀਮਾ:** $100,000 ਤੋਂ $1,000,000 ਤੱਕ — ਸਮੇਂ ਦੀ ਕੋਈ ਪਾਬੰਦੀ ਨਹੀ।

## 147 NRI ਪਰਵਿਾਰਾਂ ਦਾ ਭਰੋਸਾ - Realty Unplugged

**ਸਾਡੇ ਸਫਲਤਾ ਦੇ ਕਿੱਸੇ:**

**2017 ਗੁੜਗਾਂਵ:**
**7 ਸਾਲਾਂ ਵਿੱਚ 3 ਗੁਣਾ ਮੁਨਾਫ਼ਾ**

**2020 ਚੰਡੀਗੜ੍ਹ:**
**4 ਸਾਲਾਂ ਵਿੱਚ ਦੁੱਗਣਾ ਵਾਧਾ**

**2022 ਪੁਣੇ:**
**2 ਸਾਲਾਂ ਵਿੱਚ 58% ਵਾਧਾ**

**ਆਪਣੇ ਭਵੱਖਿ ਨੂੰ ਸੁਰੱਖਅਿਤ ਕਰੋ - ਅੱਜ ਹੀ!**
**Call : +91 73038-88722**
**Subhiney Chabra : +91 97802-06080**

Let's Start!

**ਤੁਸੀ ਅਮਰੀਕਾ ਵੱਚਿ । ਤੁਹਾਡੀ ਜਾਇਦਾਦ ਭਾਰਤ ਵੱਚਿ ।**
**ਅਸੀ ਤੁਹਾਡੀਆਂ ਅੱਖਾਂ, ਹੱਥ ਅਤੇ ਕਾਨੂੰਨੀ ਢਾਲ।**


ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO ADVERTISEMENTS
We make professional video advertisements for your business in Punjabi, Hindi & English
POSTERS DESIGN
We design flyers, Posters and
Post Cards to promote your business
BUSINESS CARD DESIGN
WE DESIGN YOUR
BUSINESS CARD
SOCIAL MEDIA HANDLERS
We can manage your Business social media handlers Facebook, instagram & YouTube
24/7 TECH SUPPORT
We provide 24/7 tech support
For more information call
Boota Singh Basi +1 (209) 303-1260

# ਸੁਨੀਲ ਜਾਖੜ ਪੰਜਾਬੀਆਂ ਨੂੰ ਗੁੰਮਰਾਹ ਕਰ ਰਹੇ ਹਨ, ਭਾਰਤ-ਅਮਰੀਕਾ ਸੌਦਾ ਕਿਸਾਨ ਵਿਰੋਧੀ ਅਤੇ ਦੇਸ਼ ਵਿਰੋਧੀ: ਕੁਲਦੀਪ ਧਾਲੀਵਾਲ

ਅੰਮ੍ਰਿਤਸਰ
ਡਾ.ਰਾਜਿੰਦਰ ਰਿਖੀ

ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਭਾਰਤ-ਅਮਰੀਕਾ ਵਪਾਰਕ ਸਮਝੌਤੇ ਦੀ ਸਖ਼ਤ ਨਿਖੇਧੀ ਕਰਦਿਆਂ ਇਸ ਨੂੰ ਇੱਕ ਖ਼ਤਰਨਾਕ, ਕਿਸਾਨ ਵਿਰੋਧੀ ਅਤੇ ਦੇਸ਼ ਵਿਰੋਧੀ ਸਮਝੌਤਾ ਕਰਾਰ ਦਿੱਤਾ ਹੈ। ਪਾਰਟੀ ਨੇ ਕਿਹਾ ਕਿ ਇਹ ਸਮਝੌਤਾ ਭਾਰਤੀ ਖੇਤੀਬਾੜੀ ਨੂੰ ਤਬਾਹ ਕਰ ਦੇਵੇਗਾ ਅਤੇ ਕਰੋੜਾਂ ਕਿਸਾਨਾਂ ਨੂੰ ਆਰਥਿਕ ਬਰਬਾਦੀ ਵੱਲ ਧੱਕੇਗਾ।'ਆਪ' ਪੰਜਾਬ ਦੇ ਮੁੱਖ ਬੁਲਾਰੇ ਅਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਭਾਜਪਾ ਆਗੂ ਸੁਨੀਲ ਜਾਖੜ ਭਾਰਤ ਦੇ ਗਰੀਬ ਅਤੇ ਸੀਮਾਂਤ ਕਿਸਾਨਾਂ 'ਤੇ ਹੋਣ ਵਾਲੇ ਇਸ ਦੇ ਮਾਰੂ ਪ੍ਰਭਾਵਾਂ ਨੂੰ ਸਮਝੇ ਬਿਨਾਂ ਜਾਂ ਜਾਣਬੁੱਝ ਕੇ ਛੁਪਾ ਕੇ ਇਸ ਸੌਦੇ ਦਾ ਜਸ਼ਨ ਮਨਾ ਰਹੇ ਹਨ।ਧਾਲੀਵਾਲ ਨੇ ਕਿਹਾ ਕਿ ਸੁਨੀਲ ਜਾਖੜ ਦਾ ਇਹ ਕਹਿਣਾ ਕਿ 'ਆਪ' ਚੁੱਪ ਹੈ, ਬਿਲਕੁਲ ਗਲਤ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਜਿਸ ਦਿਨ ਤੋਂ ਇਸ ਸੌਦੇ ਦਾ ਐਲਾਨ ਹੋਇਆ ਹੈ, ਅਸੀਂ ਪਿਛਲੇ ਦਸ ਦਿਨਾਂ ਤੋਂ ਇਤਰਾਜ਼ ਉਠਾ ਰਹੇ ਹਾਂ। ਅਸਲ ਵਿੱਚ ਭਾਜਪਾ ਨੇ ਦੇਸ਼ ਨੂੰ ਹਨੇਰੇ ਵਿੱਚ ਰੱਖਿਆ ਹੈ। ਪ੍ਰਧਾਨ ਮੰਤਰੀ ਸੰਸਦ ਵਿੱਚ ਇਸ ਮੁੱਦੇ 'ਤੇ ਬੋਲ ਨਹੀਂ ਸਕੇ ਅਤੇ ਦੇਸ਼ ਨੂੰ ਇਸ ਸੌਦੇ ਬਾਰੇ ਡੋਨਾਲਡ ਟਰੰਪ ਦੇ ਟਵੀਟਾਂ ਰਾਹੀਂ ਪਤਾ ਲੱਗਿਆ। ਉਨ੍ਹਾਂ ਕਿਹਾ ਕਿ ਟਰੰਪ ਨੇ ਆਪਣੇ ਬਿਆਨਾਂ ਵਿੱਚ ਵਾਰ-ਵਾਰ 'ਐਗਰੀਕਲਚਰ' ਸ਼ਬਦ ਦੀ ਵਰਤੋਂ ਕੀਤੀ ਹੈ, ਜੋ ਹਰ ਭਾਰਤੀ ਕਿਸਾਨ ਲਈ ਚਿੰਤਾ ਦਾ ਵਿਸ਼ਾ ਹੋਣਾ ਚਾਹੀਦਾ ਹੈ। ਇਸ ਸੌਦੇ ਰਾਹੀਂ ਭਾਰਤੀ ਬਾਜ਼ਾਰਾਂ ਨੂੰ ਅਮਰੀਕੀ ਖੇਤੀ ਉਤਪਾਦਾਂ ਲਈ ਖੋਲ੍ਹਿਆ ਜਾ ਰਿਹਾ ਹੈ, ਜੋ ਸਿੱਧੇ ਤੌਰ 'ਤੇ ਸਾਡੇ ਕਿਸਾਨਾਂ ਲਈ ਖ਼ਤਰਾ ਹੈ।ਅਮਰੀਕੀ ਲਾਲ ਜਵਾਰ, ਮੱਕੀ, ਕਪਾਹ, ਸੇਬ ਅਤੇ ਬਦਾਮਾਂ ਦਾ ਹਵਾਲਾ ਦਿੰਦੇ ਹੋਏ ਧਾਲੀਵਾਲ ਨੇ ਪੁੱਛਿਆ ਕਿ ਭਾਰਤੀ ਕਿਸਾਨਾਂ ਦੀ ਰੱਖਿਆ ਕੌਣ ਕਰੇਗਾ?ਉਨ੍ਹਾਂ ਕਿਹਾ ਕਿ ਅਮਰੀਕਾ ਵਿੱਚ ਪੈਦਾ ਹੋਣ ਵਾਲੀ 75% ਲਾਲ ਜਵਾਰ ਜੇਕਰ ਭਾਰਤੀ ਬਾਜ਼ਾਰਾਂ ਵਿੱਚ ਆਉਂਦੀ ਹੈ, ਤਾਂ ਮਹਾਰਾਸ਼ਟਰ ਵਰਗੇ ਸੋਕਾ ਪ੍ਰਭਾਵਿਤ ਖੇਤਰਾਂ ਦੇ ਗਰੀਬ ਕਿਸਾਨ, ਜਿਨ੍ਹਾਂ ਨੂੰ ਪਹਿਲਾਂ ਹੀ ਕੋਈ



ਐਮ.ਐਸ.ਪੀ. ਸਹਾਇਤਾ ਨਹੀਂ ਮਿਲਦੀ, ਪੂਰੀ ਤਰ੍ਹਾਂ ਬਰਬਾਦ ਹੋ ਜਾਣਗੇ। ਧਾਲੀਵਾਲ ਨੇ ਕਿਹਾ ਕਿ ਜੇਕਰ ਅਮਰੀਕੀ ਲਾਲ ਜਵਾਰ ਅਤੇ ਹੋਰ ਅਮਰੀਕੀ ਅਨਾਜ ਅਤੇ ਡੇਅਰੀ ਭਾਰਤੀ ਬਾਜ਼ਾਰਾਂ ਵਿੱਚ ਹੜ੍ਹ ਆਉਂਦੇ ਹਨ, ਤਾਂ ਸਾਡੀ ਮੱਕੀ, ਬਾਜਰਾ ਅਤੇ ਦੇਸੀ ਫਸਲਾਂ ਤਬਾਹ ਹੋ ਜਾਣਗੀਆਂ। ਪੰਜਾਬ, ਹਰਿਆਣਾ, ਕਰਨਾਟਕ, ਮਹਾਰਾਸ਼ਟਰ ਅਤੇ ਯੂਪੀ ਦੇ ਕਿਸਾਨ ਤਬਾਹ ਹੋ ਜਾਣਗੇ।ਉਨ੍ਹਾਂ ਅੱਗੇ ਸਵਾਲ ਕੀਤਾ ਕਿ ਜੇਕਰ ਸਬਸਿਡੀ ਵਾਲਾ ਅਮਰੀਕੀ ਕਪਾਹ ਭਾਰਤ ਵਿੱਚ ਦਾਖਲ ਹੁੰਦਾ ਹੈ ਤਾਂ ਕਪਾਹ ਕਿਸਾਨਾਂ ਦਾ ਕੀ ਹੋਵੇਗਾ? ਜੇਕਰ ਅਮਰੀਕੀ ਬਦਾਮ ਅਤੇ ਅਖਰੋਟ ਬਾਜ਼ਾਰ ਵਿੱਚ ਹੜ੍ਹ ਆਉਂਦੇ ਹਨ ਤਾਂ ਜੰਮੂ ਅਤੇ ਕਸ਼ਮੀਰ ਦੇ ਕਿਸਾਨ ਕਿੱਥੇ ਜਾਣਗੇ? ਹਿਮਾਚਲ ਅਤੇ ਕਸ਼ਮੀਰ ਦੇ ਸੇਬ ਉਤਪਾਦਕ ਸਸਤੇ ਅਮਰੀਕੀ ਸੇਬਾਂ ਦੇ ਵਿਰੁੱਧ ਕਿਵੇਂ ਬਚਣਗੇ? ਡੇਅਰੀ ਅਤੇ ਹੋਰ ਖੇਤੀਬਾੜੀ ਉਤਪਾਦਾਂ ਬਾਰੇ ਕੀ ਜੋ ਇਸ ਤੋਂ ਬਾਅਦ ਆਉਣਗੇ? ਧਾਲੀਵਾਲ ਨੇ ਭਾਜਪਾ ਸਰਕਾਰ ਦੀ ਭਾਰਤ ਦੇ ਹਿੱਤਾਂ ਨੂੰ ਪੂਰੀ ਤਰ੍ਹਾਂ ਸਮਰਪਣ ਕਰਨ ਲਈ ਨਿੰਦਾ ਕੀਤੀ, ਪਹਿਲਾਂ, ਭਾਰਤੀ ਵਸਤੂਆਂ 'ਤੇ 2.8% ਟੈਰਿਫ ਦਾ ਸਾਹਮਣਾ ਕਰਨਾ ਪਿਆ, ਟਰੰਪ ਦੇ ਅਧੀਨ, ਟੈਰਿਫ ਵਧਾ ਕੇ 50% ਕੀਤਾ ਗਿਆ ਸੀ, ਹੁਣ ਭਾਰਤੀ ਨਿਰਯਾਤ ਨੂੰ 18% ਟੈਰਿਫ ਦਾ ਸਾਹਮਣਾ ਕਰਨਾ ਪੈਂਦਾ ਹੈ, ਇਸ ਦੌਰਾਨ, ਭਾਰਤ ਨੇ ਅਮਰੀਕੀ ਉਤਪਾਦਾਂ 'ਤੇ ਟੈਰਿਫ 60 ਪ੍ਰਤੀਸ਼ਤ ਤੋਂ ਘਟਾ ਕੇ ਲਗਭਗ ਜ਼ੀਰੋ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਕੋਈ ਵਪਾਰਕ ਸੌਦਾ ਨਹੀਂ ਹੈ। ਇਹ ਆਰਥਿਕ ਸਮਰਪਣ ਹੈ।ਸੁਨੀਲ ਜਾਖੜ 'ਤੇ ਤਿੱਖਾ ਹਮਲਾ ਕਰਦਿਆਂ ਧਾਲੀਵਾਲ ਨੇ ਕਿਹਾ ਕਿ ਜਦੋਂ ਕਾਂਗਰਸ ਸੱਤਾ ਵਿੱਚ ਸੀ, ਜਾਖੜ ਇੰਦਿਰਾ ਗਾਂਧੀ ਦੇ ਗੁਣ ਗਾਉਂਦੇ ਸਨ। ਅੱਜ ਉਹ ਨਰਿੰਦਰ ਮੋਦੀ ਦੇ ਗੁਣ ਗਾਉਂਦੇ ਹਨ। ਪਰ ਉਹ ਕਦੇ ਵੀ ਕਿਸਾਨਾਂ ਜਾਂ ਪੰਜਾਬੀਆਂ ਲਈ ਨਹੀਂ ਬੋਲਦੇ। ਕਿਸਾਨਾਂ ਲਈ ਬੋਲੋ, ਆਪਣੇ ਰਾਜਨੀਤਿਕ ਮਾਲਕਾਂ ਲਈ ਨਹੀਂ।ਧਾਲੀਵਾਲ ਨੇ ਦੁਹਰਾਇਆ ਕਿ ਇਹ ਸੌਦਾ ਭਾਰਤੀ ਕਿਸਾਨਾਂ ਦੇ ਵਿਰੁੱਧ ਹੈ, ਰਾਸ਼ਟਰੀ ਹਿੱਤਾਂ ਦੇ ਵਿਰੁੱਧ ਹੈ, ਭਾਰਤੀ ਖੇਤੀਬਾੜੀ ਨੂੰ ਤਬਾਹ ਕਰ ਦੇਵੇਗਾ ਅਤੇ ਕਿਸਾਨਾਂ ਨੂੰ ਦੀਵਾਲੀਆਪਨ ਅਤੇ ਖੁਦਕੁਸ਼ੀਆਂ ਵੱਲ ਧੱਕ ਦੇਵੇਗਾ।ਧਾਲੀਵਾਲ ਨੇ ਪੁੱਛਿਆ ਕਿ ਅਮਰੀਕਾ ਨੇ ਆਪਣੇ ਵਾਧੂ ਖੇਤੀ ਉਪਜ ਲਈ ਦੁਨੀਆ ਦਾ ਸਭ ਤੋਂ ਵੱਡਾ ਬਾਜ਼ਾਰ ਲੱਭ ਲਿਆ ਹੈ। ਪਰ ਸਾਡੇ ਕਿਸਾਨ ਕਿੱਥੇ ਜਾਣਗੇ? ਇਸਦਾ ਜਵਾਬ ਕੌਣ ਦੇਵੇਗਾ? ਉਨ੍ਹਾਂ ਸੁਨੀਲ ਜਾਖੜ ਅਤੇ ਭਾਜਪਾ ਸਰਕਾਰ ਨੂੰ ਸਿੱਧੇ ਤੌਰ 'ਤੇ ਚੁਣੌਤੀ ਦਿੱਤੀ ਕਿ ਉਹ ਭਾਰਤ ਦੇ ਲੋਕਾਂ ਨੂੰ ਸਮਝਾਉਣ ਕਿ ਇਹ ਸੌਦਾ ਭਾਰਤੀ ਕਿਸਾਨਾਂ ਦੇ ਹਿੱਤ ਵਿੱਚ ਕਿਵੇਂ ਹੈ? ਇੱਕ ਸਵਾਲ ਦਾ ਜਵਾਬ ਦੇ ਕੇ ਸ਼ੁਰੂਆਤ ਕਰੋ: ਜਦੋਂ ਅਮਰੀਕੀ ਲਾਲ ਜਵਾਰ, ਮੱਕੀ, ਕਪਾਹ, ਸੇਬ ਅਤੇ ਬਦਾਮ ਸਾਡੇ ਬਾਜ਼ਾਰਾਂ ਵਿੱਚ ਹੜ੍ਹ ਆਉਣਗੇ ਤਾਂ ਭਾਰਤੀ ਕਿਸਾਨਾਂ ਨੂੰ ਕੀ ਫਾਇਦਾ ਹੋਵੇਗਾ? ਧਾਲੀਵਾਲ ਨੇ ਭਾਜਪਾ ਪੰਜਾਬ ਦੇ ਆਗੂਆਂ ਨੂੰ ਚੇਤਾਵਨੀ ਦਿੱਤੀ ਕਿ ਉਹ ਬੋਲਣ ਤੋਂ ਪਹਿਲਾਂ ਸੋਚਣ ਅਤੇ ਦੇਸ਼ ਨੂੰ ਗੁੰਮਰਾਹ ਕਰਨਾ ਬੰਦ ਕਰਨ, ਇਹ ਜ਼ੋਰ ਦੇ ਕੇ ਕਿਹਾ ਕਿ ਆਮ ਆਦਮੀ ਪਾਰਟੀ ਇਸ "ਕਿਸਾਨ ਵਿਰੋਧੀ ਸਾਜ਼ਿਸ਼" ਨੂੰ ਹਰ ਪੱਧਰ 'ਤੇ ਬੇਨਕਾਬ ਕਰਦੀ ਰਹੇਗੀ।

## ਗੈਸ ਸਿਲੰਡਰ ਫਟਣ ਕਾਰਨ 8 ਲੋਕਾਂ ਦੀ ਮੌਤ

ਕਾਬੁਲ
ਸਾਂਝੀ ਸੋਚ ਬਿਊਰੋ

ਅਫਗਾਨਿਸਤਾਨ ਦੀ ਰਾਜਧਾਨੀ ਕਾਬੁਲ ਵਿੱਚ ਇੱਕ ਰਿਹਾਇਸ਼ੀ ਘਰ ਦੇ ਅੰਦਰ ਗੈਸ ਸਿਲੰਡਰ ਫਟਣ ਨਾਲ ਘੱਟੋ-ਘੱਟ ਅੱਠ ਲੋਕਾਂ ਦੀ ਮੌਤ ਹੋ ਗਈ, ਸ਼ਹਿਰ ਦੇ ਗਵਰਨਰ ਦਫ਼ਤਰ ਨੇ ਸ਼ਨੀਵਾਰ ਸ਼ਾਮ ਨੂੰ ਇੱਕ ਬਿਆਨ ਵਿੱਚ ਕਿਹਾ।ਬਿਆਨ ਦੇ ਅਨੁਸਾਰ, ਇਹ ਘਟਨਾ ਪੁਲਿਸ ਜ਼ਿਲ੍ਹਾ 21 ਵਿੱਚ ਵਾਪਰੀ ਜਦੋਂ ਇੱਕ ਪਰਿਵਾਰ ਸਰਦੀਆਂ ਦੇ ਠੰਡੇ ਮੌਸਮ ਵਿੱਚ ਆਪਣੇ ਘਰ ਨੂੰ ਗਰਮ ਕਰਨ ਲਈ ਗੈਸ ਹੀਟਰ ਦੀ ਵਰਤੋਂ ਕਰ ਰਿਹਾ ਸੀ। ਨਿਊਜ਼ ਏਜੰਸੀ ਦੀ ਰਿਪੋਰਟ ਅਨੁਸਾਰ, ਸਿਲੰਡਰ ਗੈਸ ਲੀਕ ਹੋਣ ਕਾਰਨ ਫਟ ਗਿਆ, ਜਿਸ ਕਾਰਨ ਮੌਤਾਂ



ਹੋਈਆਂ।ਅਫਗਾਨਿਸਤਾਨ ਵਿੱਚ ਜ਼ਿਆਦਾਤਰ ਘਰ, ਜਿਨ੍ਹਾਂ ਕੋਲ ਵਿਆਪਕ ਆਧੁਨਿਕ ਹੀਟਿੰਗ ਬੁਨਿਆਦੀ ਢਾਂਚੇ ਦੀ ਘਾਟ ਹੈ, ਕਠੋਰ ਸਰਦੀਆਂ ਦੌਰਾਨ ਆਪਣੇ ਘਰਾਂ ਨੂੰ ਗਰਮ ਕਰਨ ਲਈ ਗੈਸ ਸਿਲੰਡਰਾਂ ਜਾਂ ਰਵਾਇਤੀ ਚੁੱਲਿਆਂ 'ਤੇ ਨਿਰਭਰ ਕਰਦੇ ਹਨ। ਅਜਿਹੇ ਹਾਦਸੇ, ਅਕਸਰ ਗੈਸ ਲੀਕ ਅਤੇ ਧਮਾਕਿਆਂ ਕਾਰਨ ਹੁੰਦੇ ਹਨ।

## ਦਲਾਈ ਲਾਮਾ ਦੇ ਦਫ਼ਤਰ ਨੇ ਐਪਸਟਾਈਨ ਫਾਈਲਾਂ ਨਾਲ ਸਬੰਧਾਂ ਨੂੰ ਨਕਾਰਿਆ: ਸੋਸ਼ਲ ਮੀਡੀਆ 'ਤੇ ਮੀਡੀਆ ਰਿਪੋਰਟਾਂ ਨੂੰ ਕੀਤਾ ਰੱਦ

ਮੈਕਲੋਡਗੰਜ
ਸਾਂਝੀ ਸੋਚ ਬਿਊਰੋ

ਬੋਧੀ ਅਧਿਆਤਮਿਕ ਆਗੂ ਦਲਾਈ ਲਾਮਾ ਦਾ ਨਾਮ "ਐਪਸਟਾਈਨ ਫਾਈਲਾਂ" ਸੈਕਸ ਸਕੈਂਡਲ ਨਾਲ ਜੋੜਿਆ ਜਾ ਰਿਹਾ ਹੈ। ਪਿਛਲੇ ਕੁਝ ਦਿਨਾਂ ਤੋਂ, ਸੋਸ਼ਲ ਮੀਡੀਆ ਅਤੇ ਕੁਝ ਮੀਡੀਆ ਰਿਪੋਰਟਾਂ ਦੋਸ਼ ਲਗਾ ਰਹੀਆਂ ਹਨ ਕਿ ਦਲਾਈ ਲਾਮਾ ਅਮਰੀਕੀ ਅਪਰਾਧੀ ਜੈਫਰੀ ਐਪਸਟਾਈਨ ਨਾਲ ਸੰਬੰਧਿਤ ਸਨ। ਦਲਾਈ ਲਾਮਾ ਦੇ ਦਫ਼ਤਰ ਨੇ ਇਨ੍ਹਾਂ ਦਾਅਵਿਆਂ ਨੂੰ ਸਪੱਸ਼ਟ ਕਰਦੇ ਹੋਏ ਇੱਕ ਅਧਿਕਾਰਤ ਬਿਆਨ ਜਾਰੀ ਕੀਤਾ ਹੈ। ਦਲਾਈ ਲਾਮਾ ਦੇ ਦਫ਼ਤਰ ਨੇ ਇਨ੍ਹਾਂ ਰਿਪੋਰਟਾਂ ਨੂੰ ਪੂਰੀ ਤਰ੍ਹਾਂ ਝੂਠਾ ਕਰਾਰ ਦਿੱਤਾ ਹੈ। ਦਲਾਈ ਲਾਮਾ ਦੇ ਦਫ਼ਤਰ ਨੇ ਐਤਵਾਰ ਨੂੰ ਤਿੱਬਤੀ ਅਧਿਆਤਮਿਕ ਆਗੂ ਅਤੇ ਯੌਨ ਅਪਰਾਧੀ ਜੈਫਰੀ ਐਪਸਟਾਈਨ ਵਿਚਕਾਰ ਕਿਸੇ ਵੀ ਸਬੰਧ ਦਾ ਸੁਝਾਅ ਦੇਣ ਵਾਲੀਆਂ ਮੀਡੀਆ ਰਿਪੋਰਟਾਂ ਨੂੰ ਸਖ਼ਤੀ ਨਾਲ ਰੱਦ ਕਰ ਦਿੱਤਾ। ਜਾਰੀ ਕੀਤੇ ਗਏ ਪ੍ਰੈਸ ਬਿਆਨ ਵਿੱਚ ਕਿਹਾ ਗਿਆ ਹੈ, "ਅਸੀਂ ਪੂਰੀ ਸਪੱਸ਼ਟਤਾ ਨਾਲ ਪੁਸ਼ਟੀ ਕਰਦੇ ਹਾਂ ਕਿ ਪਰਮ ਪਵਿੱਤਰ ਦਲਾਈ ਲਾਮਾ ਕਦੇ ਵੀ ਜੈਫਰੀ ਐਪਸਟਾਈਨ ਨੂੰ ਨਹੀਂ ਮਿਲੇ ਹਨ। ਨਾ ਹੀ ਉਨ੍ਹਾਂ ਨੇ ਕਿਸੇ ਨੂੰ ਆਪਣੀ ਤਰਫੋਂ ਐਪਸਟਾਈਨ ਨਾਲ ਮਿਲਣ ਜਾਂ ਗੱਲਬਾਤ ਕਰਨ ਦਾ ਅਧਿਕਾਰ ਦਿੱਤਾ।" ਇਹ ਸਪੱਸ਼ਟੀਕਰਨ ਕਈ ਮੀਡੀਆ ਆਊਟਲੈਟਾਂ ਤੋਂ ਬਾਅਦ ਆਇਆ ਹੈ, ਜਿਨ੍ਹਾਂ ਨੇ ਸੰਯੁਕਤ ਰਾਜ ਦੇ ਨਿਆਂ ਵਿਭਾਗ ਦੇ ਦਸਤਾਵੇਜ਼ਾਂ ਦਾ ਹਵਾਲਾ ਦਿੰਦੇ ਹੋਏ ਰਿਪੋਰਟ ਦਿੱਤੀ ਸੀ ਕਿ ਦਲਾਈ ਲਾਮਾ ਦਾ ਨਾਮ ਵਿਆਪਕ ਤੌਰ 'ਤੇ ਚਰਚਾ ਵਿੱਚ ਆਈ ਐਪਸਟਾਈਨ ਫਾਈਲਾਂ ਵਿੱਚ ਕਈ ਵਾਰ ਆਇਆ ਹੈ।ਐਪਸਟਾਈਨ ਇੱਕ ਸ਼ਕਤੀਸ਼ਾਲੀ ਅਮਰੀਕੀ ਅਰਬਪਤੀ ਫਾਈਨੈਂਸਰ ਸੀ ਜਿਸ 'ਤੇ ਨਾਬਾਲਗ ਕੁੜੀਆਂ ਦੀ ਸੈਕਸ ਤਸਕਰੀ ਅਤੇ ਸ਼ੋਸ਼ਣ ਦਾ ਦੋਸ਼ ਸੀ। ਉਸਦੀ 2019 ਵਿੱਚ ਸ਼ੱਕੀ ਹਾਲਾਤਾਂ ਵਿੱਚ ਜੇਲ੍ਹ ਵਿੱਚ ਮੌਤ ਹੋ ਗਈ ਸੀ।

## ਉੱਤਰੀ ਕੋਰੀਆ ਵਿੱਚ ਗੁਆਂਢੀ ਦੇਸ਼ ਦੇ ਟੀਵੀ ਸ਼ੋਅ ਦੇਖਣ 'ਤੇ ਮੌਤ ਦੀ ਸਜ਼ਾ

ਉੱਤਰੀ ਕੋਰੀਆ
ਸਾਂਝੀ ਸੋਚ ਬਿਊਰੋ

ਉੱਤਰੀ ਕੋਰੀਆ ਵਿੱਚ ਲੋਕਾਂ ਨੂੰ ਦੱਖਣੀ ਕੋਰੀਆਈ ਟੀਵੀ ਸ਼ੋਅ ਦੇਖਣ ਜਾਂ ਕੇ-ਪੌਪ ਸੁਣਨ ਲਈ ਮੌਤ ਦੀ ਸਜ਼ਾ ਸੁਣਾਈ ਜਾ ਰਹੀ ਹੈ। ਇਸ ਵਿੱਚ ਸਕੂਲੀ ਬੱਚੇ ਵੀ ਸ਼ਾਮਲ ਹਨ। ਇਹ ਜਾਣਕਾਰੀ ਐਮਨੈਸਟੀ ਇੰਟਰਨੈਸ਼ਨਲ ਦੀ ਇੱਕ ਰਿਪੋਰਟ ਵਿੱਚ ਦਿੱਤੀ ਗਈ ਹੈ।ਰਿਪੋਰਟ ਦੇ ਅਨੁਸਾਰ, ਉੱਤਰੀ ਕੋਰੀਆ ਤੋਂ ਭੱਜ ਕੇ ਆਏ ਲੋਕਾਂ ਨੇ ਦੱਸਿਆ ਕਿ ਕਰੈਸ਼ ਲੈਂਡਿੰਗ ਔਨ ਯੂ, ਡਿਸੈਂਡੈਂਟਸ ਆਫ਼ ਦ ਸਨ, ਅਤੇ ਸਕੁਇਡ ਗੇਮ ਵਰਗੇ ਪ੍ਰਸਿੱਧ ਦੱਖਣੀ ਕੋਰੀਆਈ ਨਾਟਕ ਦੇਖਣਾ, ਜਾਂ ਕੇ-ਪੌਪ ਸੁਣਨ ਕਾਰਨ ਮੌਤ ਦੀ ਸਜ਼ਾ ਹੋ ਸਕਦੀ ਹੈ। ਜਿਨ੍ਹਾਂ ਲੋਕਾਂ ਕੋਲ ਦੌਲਤ ਜਾਂ ਚੰਗੇ ਸੰਪਰਕ ਨਹੀਂ ਹਨ, ਉਹ ਸਭ



ਤੋਂ ਵੱਧ ਪੀੜਤ ਹਨ। ਲੋਕਾਂ ਨੇ ਦੱਸਿਆ ਕਿ ਦੇਸ਼ ਵਿੱਚ ਡਰ ਦਾ ਮਾਹੌਲ ਹੈ, ਅਤੇ ਦੱਖਣੀ ਕੋਰੀਆਈ ਸੱਭਿਆਚਾਰ ਨੂੰ ਇੱਕ ਵੱਡਾ ਅਪਰਾਧ ਮੰਨਿਆ ਜਾਂਦਾ ਹੈ। ਹਾਲਾਂਕਿ, ਅਮੀਰ ਵਿਅਕਤੀ ਅਕਸਰ ਅਧਿਕਾਰੀਆਂ ਨੂੰ ਰਿਸ਼ਵਤ ਦੇ ਕੇ ਸਜ਼ਾ ਤੋਂ ਬਚ ਜਾਂਦੇ ਹਨ।ਐਮਨੈਸਟੀ ਇੰਟਰਨੈਸ਼ਨਲ ਦੀ ਡਿਪਟੀ ਰੀਜਨਲ ਡਾਇਰੈਕਟਰ, ਸਾਰਾਹ ਬਰੂਕਸ, ਨੇ ਕਿਹਾ ਕਿ ਉੱਤਰੀ ਕੋਰੀਆ ਅਜਿਹੇ ਕਾਨੂੰਨ ਲਾਗੂ ਕਰ ਰਿਹਾ ਹੈ ਜੋ ਟੀਵੀ ਸ਼ੋਅ ਦੇਖਣਾ ਵੀ ਜਾਨਲੇਵਾ ਸਥਿਤੀ ਬਣਾਉਂਦੇ ਹਨ। ਉਸਨੇ ਅੱਗੇ ਕਿਹਾ ਕਿ ਸਰਕਾਰ ਜਾਣਕਾਰੀ ਤੱਕ ਪਹੁੰਚ ਨੂੰ ਅਪਰਾਧੀ ਬਣਾ ਰਹੀ ਹੈ, ਅਤੇ ਅਧਿਕਾਰੀ ਇਸਦਾ ਫਾਇਦਾ ਉਠਾ ਰਹੇ ਹਨ।ਉਨ੍ਹਾਂ ਕਿਹਾ ਕਿ ਸਰਕਾਰ ਦੇ ਡਰ ਕਾਰਨ ਪੂਰਾ ਦੇਸ਼ ਇੱਕ ਤਰ੍ਹਾਂ ਦੀ ਵਿਚਾਰਧਾਰਕ ਜੇਲ੍ਹ ਵਿੱਚ ਬੰਦ ਹੈ। ਜੋ ਲੋਕ ਬਾਹਰੀ ਦੁਨੀਆਂ ਬਾਰੇ ਜਾਣਨਾ ਚਾਹੁੰਦੇ ਹਨ ਜਾਂ ਸਿਰਫ਼ ਮਨੋਰੰਜਨ ਦੀ ਭਾਲ ਕਰਦੇ ਹਨ, ਉਨ੍ਹਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦਿੱਤੀਆਂ ਜਾਂਦੀਆਂ ਹਨ। ਇਹ ਪ੍ਰਣਾਲੀ ਡਰ ਅਤੇ ਭ੍ਰਿਸ਼ਟਾਚਾਰ 'ਤੇ ਅਧਾਰਤ ਹੈ ਅਤੇ ਅੰਤਰਰਾਸ਼ਟਰੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਦੀ ਹੈ।

## ਪੰਜਾਬ ਸਰਕਾਰ ਵੱਲੋਂ ਉੱਘੇ ਸਿੱਖਿਆ ਸ਼ਾਸਤਰੀ ਅਤੇ ਪ੍ਰਬੰਧਨ ਮਾਹਰ ਡਾ. ਪੁਸ਼ਪਿੰਦਰ ਸਿੰਘ ਗਿੱਲ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ, ਪਟਿਆਲਾ ਦੇ ਵਾਈਸ-ਚਾਂਸਲਰ ਨਿਯੁਕਤ

ਪਟਿਆਲਾ
ਸਾਂਝੀ ਸੋਚ ਬਿਊਰੋ

ਪੰਜਾਬ ਸਰਕਾਰ ਨੇ ਡਾ.ਪੁਸ਼ਪਿੰਦਰ ਸਿੰਘ ਗਿੱਲ ਨੂੰ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ, ਪਟਿਆਲਾ ਦਾ ਵਾਈਸ-ਚਾਂਸਲਰ ਨਿਯੁਕਤ ਕੀਤਾ ਹੈ, ਜਿਸਦਾ ਕਾਰਜਕਾਲ ਉਨ੍ਹਾਂ ਦੇ ਅਹੁਦਾ ਸੰਭਾਲਣ ਦੀ ਮਿਤੀ ਤੋਂ ਤਿੰਨ ਸਾਲ ਦਾ ਹੋਵੇਗਾ।ਦੱਸਣਯੋਗ ਹੈ ਕਿ ਡਾ. ਪੁਸ਼ਪਿੰਦਰ ਸਿੰਘ ਗਿੱਲ ਕੋਲ ਅਕਾਦਮਿਕ, ਖੋਜ, ਪ੍ਰਸ਼ਾਸਨ ਅਤੇ ਅੰਤਰਰਾਸ਼ਟਰੀ ਸਲਾਹ-ਮਸ਼ਵਰੇ ਵਿੱਚ 36 ਸਾਲ ਤੋਂ ਵੱਧ ਦਾ ਤਜਰਬਾ ਹੈ।ਸਰਕਾਰੀ ਬੁਲਾਰੇ ਨੇ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਸੇਵਾਮੁਕਤ ਪ੍ਰੋਫੈਸਰ ਡਾ.ਗਿੱਲ ਨੇ ਵੱਖ-ਵੱਖ ਖੇਤਰਾਂ ਵਿੱਚ ਸੇਵਾ ਨਿਭਾਈ ਹੈ ਅਤੇ ਉਨ੍ਹਾਂ ਦੀਆਂ ਲੀਡਰਸ਼ਿਪ ਸਮਰੱਥਾਵਾਂ ਪੰਜਾਬ ਦੀ ਪ੍ਰਮੁੱਖ ਖੇਡ ਯੂਨੀਵਰਸਿਟੀ ਨੂੰ ਉੱਤਮਤਾ ਵੱਲ ਲਿਜਾਣ ਲਈ ਵਧੇਰੇ ਕਾਰਗਰ ਸਾਬਤ ਹੋਣਗੀਆਂ।ਦੱਸਣਯੋਗ ਹੈ ਕਿ ਡਾ. ਗਿੱਲ ਪੰਜਾਬੀ ਯੂਨੀਵਰਸਿਟੀ, ਪਟਿਆਲਾ (1993) ਤੋਂ ਡਾਕਟਰੇਟ ਹਨ।
ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਆਪਣੇ ਸ਼ਾਨਦਾਰ ਅਕਾਦਮਿਕ ਕਰੀਅਰ ਦੌਰਾਨ ਡਾ. ਗਿੱਲ ਨੇ ਸਕੂਲ ਆਫ਼ ਮੈਨੇਜਮੈਂਟ ਸਟੱਡੀਜ਼ ਵਿੱਚ ਵਿਸ਼ੇਸ਼ ਤੌਰ 'ਤੇ ਸੇਵਾ ਨਿਭਾਈ।ਆਪਣੇ ਅਕਾਦਮਿਕ ਕਰੀਅਰ ਵਿੱਚ ਨਵਾਂ ਮਾਪਦੰਡ ਸਥਾਪਤ ਕਰਦਿਆਂ ਡਾ. ਗਿੱਲ ਨੇ 1999 ਤੋਂ 2001 ਤੱਕ ਅਫ਼ਰੀਕਾ (ਯੂਗਾਂਡਾ, ਕੀਨੀਆ, ਇਥੋਪੀਆ ਅਤੇ ਨਾਈਜੀਰੀਆ) ਵਿੱਚ ਕੋਕਾ-ਕੋਲਾ ਕੰਪਨੀ ਲਈ ਮੁੱਖ ਕਾਰਜਕਾਰੀ ਅਧਿਕਾਰੀ ਵਜੋਂ ਵਿਲੱਖਣ ਸੇਵਾਵਾਂ ਨਿਭਾਈਆਂ ਅਤੇ ਉਚੇਰੀ ਸਿੱਖਿਆ ਪ੍ਰਸ਼ਾਸਨ ਵਿੱਚ ਕੁਸ਼ਲ ਕਾਰਪੋਰੇਟ ਗਵਰਨੈਂਸ ਤੇ ਰਣਨੀਤਕ ਪ੍ਰਬੰਧਨ ਮੁਹਾਰਤ ਲਿਆਂਦੀ।
ਡਾ. ਗਿੱਲ ਦੀਆਂ ਅਕਾਦਮਿਕ ਪ੍ਰਾਪਤੀਆਂ:
ਮਾਨਤਾ ਪ੍ਰਾਪਤ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਰਸਾਲਿਆਂ ਵਿੱਚ 84 ਖੋਜ ਪ੍ਰਕਾਸ਼ਨਾਵਾਂ ਤੋਂ ਇਲਾਵਾ 10 ਕਿਤਾਬਾਂ ਅਤੇ ਪ੍ਰਸਿੱਧ ਰਸਾਲਿਆਂ ਅਤੇ ਅਖ਼ਬਾਰਾਂ ਵਿੱਚ ਮੈਨੇਜਮੈਂਟ ਅਤੇ ਸਹਾਇਕ ਵਿਸ਼ਿਆਂ 'ਤੇ ਅਧਾਰਤ 400 ਤੋਂ ਵੱਧ ਲੇਖ ਸ਼ਾਮਲ ਹਨ।


SAMRA
REAL ESTATE GROUP
LET US GUIDE YOU HOME
ਘਰ ਖਰੀਦਣ ਜਾਂ ਵੇਚਣ ਦੇ
ਚਾਹਵਾਨ ਇੱਕ ਵਾਰ
ਸਾਨੂੰ ਜਰੂਰ ਮਿਲੋ
COMMERCIAL
and
RESIDENTIAL
industrial
Agriculture Land
Liquor Stores
Gas Stations
Apartments,
Commercial Buildings ਖਰੀਦਣ ਜਾਂ ਵੇਚਣ ਲਈ ਮਿਲੋ
Jass Samra
REALTOR BROKER
Residential &
Commercial
(317) 513-9456
jsamra@jassamra.com
www.jassamra.com
8555 N. River Rd. Suite
200 Indianapolis, IN 46240
Real Estate Lic Number Each Office Independently Owned And Operated

# Ekam Handyman Services

**Reliable Handyman Services**

- Professional Repairs
- Quality Work
- Affordable Rates



**We Specialized In:**

Split-Level and Multi-Level Home Repairs

Fence Installation & Repairs Backyard Upgrades

Hardwood Floor, MarbleTiling, Repair & Refinishing

Insulated Window Installation & sealing

Washroom RepairsPlumbing

Fixes Electrical Repairs



Ekam Handyman services
@laddihandyman

(209)281-0288, (209)646-4056


web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਅੱਜ ਹੀ ਕਾਲ ਕਰੋ :
ਰਾਜਿੰਦਰ ਟਾਂਡਾ
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330

# ਵਿਧਾਇਕ ਟੌਂਗ, ਡਿੰਪਾ, ਚੇਅਰਮੈਨ ਭਿੰਡਰ ਸਮੇਤ ਆਗੂਆਂ ਨੇ "ਅਠੌਲਾ" ਪਰਿਵਾਰ ਨਾਲ ਦੁੱਖ ਸਾਂਝਾ ਕੀਤਾ



ਰਈਆ
ਕਾਰਤਿਕ ਰਿਖੀ

ਫੀਲਡ ਪੱਤਰਕਾਰ ਐਸੋਸੀਏਸ਼ਨ ਸਬ ਡਵੀਜਨ ਬਾਬਾ ਬਕਾਲਾ ਸਾਹਿਬ ਦੇ ਪ੍ਰਧਾਨ ਸ਼ੇਲਿੰਦਰਜੀਤ ਸਿੰਘ ਰਾਜਨ, ਪੱਤਰਕਾਰ ਬਲਵਿੰਦਰ ਸਿੰਘ ਅਠੌਲਾ ਅਤੇ ਤੇਜਿੰਦਰ ਸਿੰਘ ਅਠੌਲਾ ਸਾਬਕਾ ਸੰਮਤੀ ਮੈਂਬਰ ਦੇ ਵੱਡੇ ਭਰਾਤਾ ਅਤੇ ਗੁਰਮਿੰਦਰਪ੍ਰੀਤ ਸਿੰਘ ਵਿੱਕੀ ਅਤੇ ਹਰਮਿੰਦਰਪ੍ਰੀਤ ਸਿੰਘ ਸੰਨੀ ਦੇ ਸਤਿਕਾਰਤ ਪਿਤਾ ਸ.ਜੋਗਿੰਦਰ ਸਿੰਘ ਅਠੌਲਾ (ਸਪੁੱਤਰ ਸਵਰਗੀ ਸ.ਪ੍ਰਿਥੀਪਾਲ ਸਿੰਘ ਅਠੌਲਾ), ਜੋ ਕਿ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ, ਦੇ ਗ੍ਰਹਿ ਵਿਖੇ ਅੱਜ ਵੱਖ ਵੱਖ ਸਿਆਸੀ, ਧਾਰਮਿਕ ਅਤੇ ਸਮਾਜ ਸੇਵੀ ਆਗੂਆਂ ਨੇ ਪੁੱਜਕੇ "ਅਠੌਲਾ" ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਦੁੱਖ ਸਾਂਝਾ ਕਰਨ ਵਾਲਿਆਂ ਵਿੱਚ ਹਲਕਾ ਵਿਧਾਇਕ ਦਲਬੀਰ ਸਿੰਘ ਟੌਂਗ ਨਾਲ ਕੌਂਸਲਰ ਗੁਰਮੀਤ ਸਿੰਘ ਪਨੇਸਰ, ਯੋਗਰਾਜ ਸਿੰਘ ਟੌਂਗ, ਸਰਪੰਚ ਪ੍ਰਦੀਪ ਸਿੰਘ ਬੋਦੇਵਾਲ, ਸਰਪੰਚ ਕਰਮਜੀਤ ਸਿੰਘ ਫੇਰੂਮਾਨ, ਯੂਥ ਪ੍ਰਧਾਨ ਰਣਧੀਰ ਸਿੰਘ ਰਾਣੂ, ਵਿਸ਼ਾਲ ਮੰਨਣ ਵੀ ਹਾਜ਼ਰ ਸਨ। ਇਵੇਂ ਹੀ ਸਾਬਕਾ ਮੈਂਬਰ ਪਾਰਲੀਮੈਂਟ ਜਸਬੀਰ ਸਿੰਘ ਗਿੱਲ ਡਿੰਪਾ ਦੇ ਬੇਟੇ ਉਪਦੇਸ਼ ਸਿੰਘ ਗਿੱਲ, ਚੇਅਰਮੈਨ ਵਰਿੰਦਰ ਸਿੰਘ ਵਿੱਕੀ ਭਿੰਡਰ, ਸਰਪੰਚ ਅਰਜਨਬੀਰ ਸਿੰਘ ਸਰਾਂ, ਯੁੱਧਵੀਰ ਸਿੰਘ ਸਰਲੀ, ਸੁਰਜਨ ਸਿੰਘ ਸੋਨੂੰ ਭਲਾਈਪੁਰ, ਜਸਪੁਨੀਤ ਸਿੰਘ ਭਿੰਡਰ, ਦਲਜੀਤ ਸਿੰਘ ਭੁੱਲਰ ਵਜ਼ੀਰ, ਜਸਪਾਲ ਸਿੰਘ ਟੋਨਾ ਦਨਿਆਲ ਅਤੇ ਇਲਾਕੇ ਦੀਆਂ ਹੋਰ ਸ਼ਖ਼ਸੀਅਤਾਂ ਨੇ ਅਠੌਲ਼ਾ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

# ਰਮੇਸ਼ ਸਿੰਘ ਖ਼ਾਲਸਾ ਗੁਰਦੁਆਰਾ ਬਾਲਟੀਮੋਰ ਵਿਖੇ ਸਨਮਾਨਿਤ

ਮੈਰੀਲੈਂਡ
ਸਾਂਝੀ ਸੋਚ ਬਿਊਰੋ



ਰਮੇਸ਼ ਸਿੰਘ ਖਾਲਸਾ ਪੈਟਰਨ ਇਨ ਚੀਫ਼ ਪਾਕਿਸਤਾਨ ਸਿੱਖ ਕੌਂਸਲ, ਨੂੰ ਗੁਰਦੁਆਰਾ ਸਿੱਖ ਐਸੋਸੀਏਸ਼ਨ ਆਫ਼ ਬਾਲਟੀਮੋਰ ਦੀ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨੂੰ ਸਿਰੀ ਸਾਹਿਬ ਅਤੇ ਗੁਰਦੁਆਰੇ ਦੇ ਯਾਦਗਾਰੀ ਮੋਮੈਂਟੋ, ਸਿਰੋਪਾਉ ਸਾਹਿਤ ਭੇਟ ਕੀਤਾ ਗਿਆ। ਸਨਮਾਨ ਸਮਾਰੋਹ ਦੌਰਾਨ ਰਮੇਸ਼ ਸਿੰਘ ਖਾਲਸਾ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਪਾਕਿਸਤਾਨ ਵਿੱਚ ਸਥਿਤ ਇਤਿਹਾਸਕ ਗੁਰਦੁਆਰਿਆਂ ਦੇ ਮਹੱਤਵਪੂਰਨ ਇਤਿਹਾਸ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਉੱਥੋ ਦੀਆਂ ਸਹੂਲਤਾਂ, ਯਾਤਰਾ ਪ੍ਰਬੰਧਾਂ ਅਤੇ ਦਰਸ਼ਨਾਂ ਦੇ ਤਜਰਬੇ ਸਾਂਝੇ ਕਰਦਿਆਂ ਸੰਗਤ ਨੂੰ ਗੁਰੂ ਘਰਾਂ ਦੇ ਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ।

ਉਨ੍ਹਾਂ ਨੇ ਕਿਹਾ ਕਿ ਪਾਕਿਸਤਾਨ ਵਿੱਚ ਸਥਿਤ ਗੁਰੂ ਸਾਹਿਬਾਨ ਨਾਲ ਜੁੜੇ ... ਦੀਆਂ ਸੇਵਾਵਾਂ ਦੀ ਭਰਪੂਰ ਸਰਾਹਨਾ ਕੀਤੀ ਅਤੇ ਉਨ੍ਹਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।

ਸਮਾਰੋਹ ਦੌਰਾਨ ਰਮੇਸ਼ ਸਿੰਘ ਖਾਲਸਾ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ੫੫੫ਵੇਂ ਪ੍ਰਕਾਸ਼ ਪੁਰਬ ਦੀ ਯਾਦ ਵਿੱਚ ਜਾਰੀ ਕੀਤਾ ਗਿਆ ਗੋਲਡਨ ਸਿੱਕਾ ਭਾਈ ਹਰਬੰਸ ਸਿੰਘ ਖਾਲਸਾ ਅਤੇ ਪ੍ਰਬੰਧਕ ਕਮੇਟੀ ਦੇ ਉਪ ਪ੍ਰਧਾਨ ਗੁਰਵਿੰਦਰ ਸਿੰਘ ਖਾਲਸਾ ਨੂੰ ਸਿਰੋਪਾਉ ਸਾਹਿਤ ਭੇਟ ਕੀਤੇ। ਰਮੇਸ਼ ਸਿੰਘ ਖਾਲਸਾ ਜੀ ਨੇ ਹਰਬੰਸ ਸਿੰਘ ਖਾਲਸਾ ਅਤੇ ਉਨ੍ਹਾਂ ਦੀ ਪੂਰੀ ਟੀਮ ਦਾ ਵਿਸ਼ੇਸ਼ ਧੰਨਵਾਦ ਕੀਤਾ, ਜਿਨ੍ਹਾਂ ਦੀਆਂ ਕੋਸ਼ਿਸ਼ਾਂ ਸਦਕਾ ਭਾਈ ਮਨੀ ਸਿੰਘ ਜੀ ਦੀ ਯਾਦਗਾਰ ਨੂੰ ਸੰਗਤਾਂ ਦੇ ਦਰਸ਼ਨਾਂ ਲਈ ਖੋਲ੍ਹਿਆ ਗਿਆ। ਉਨ੍ਹਾਂ ਨੇ ਕਿਹਾ ਕਿ ਇਹ ਉਪਰਾਲਾ ਸਿੱਖ ਇਤਿਹਾਸ ਨੂੰ ਸੰਭਾਲਣ ਵੱਲ ਇੱਕ ਮਹੱਤਵਪੂਰਨ ਕਦਮ ਹੈ। ਇਸ ਸਮਾਰੋਹ ਦੌਰਾਨ ਸੰਗਤਾਂ ਵਿੱਚ ਬੜਾ ਉਤਸ਼ਾਹ ਵੇਖਣ ਨੂੰ ਮਿਲਿਆ ਅਤੇ ਸਾਰਿਆਂ ਨੇ ਧਾਰਮਿਕ ਤੇ ਸਮਾਜਿਕ ਸੇਵਾਵਾਂ ਲਈ ਆਗੂਆਂ ਦੇ ਯਤਨਾਂ ਦੀ ਭਰਪੂਰ ਸਰਾਹਨਾ ਕੀਤੀ। ਇਸ ਮੌਕੇ ਭਾਈ ਲਖਵਿੰਦਰ ਸਿੰਘ ਖਾਲਸਾ ਸਕਤਰ ਗੁਰੂ ਘਰ ਨੇ ਇਤਿਹਾਸ ਤੇ ਚਾਨਣਾ ਪਾਇਆ ਤੇ ਸਨਮਾਨ ਮਿਕੇ ਹਾਜ਼ਰ ਰਹੇ। ਉਹਨਾਂ ਡਾਕਟਰ ਸੁਰਿੰਦਰ ਸਿੰਘ ਗਿੱਲ ਦਾ ਧੰਨਵਾਦ ਕੀਤਾ ਜਿਨਾ ਨੇ ਰਮੇਸ਼ ਸਿੰਘ ਖਾਲਸਾ ਨੂੰ ਗੁਰੂ ਘਰ ਦਰਸ਼ਨਾਂ ਲਈ ਉਹਨਾਂ ਦਾ ਦੌਰਾ ਸੰਭਵ ਕਰਵਾਇਆ।

# ਜ਼ਿਲ੍ਹਾ ਸ਼ੈਸ਼ਨ ਜੱਜ ਹੁਸ਼ਿਆਰਪੁਰ ਅਗਰਵਾਲ ਪਰਿਵਾਰ ਸਮੇਤ ਗੁ: 9ਵੀਂ ਪਾਤਸ਼ਾਹੀ ਹੋਏ

ਰਈਆ
ਕਾਰਤਿਕ ਰਿਖੀ





ਸ੍ਰੀ ਰਾਜਿੰਦਰ ਅਗਰਵਾਲ ਜ਼ਿਲ੍ਹਾ ਸ਼ੈਸ਼ਨ ਜੱਜ ਹੁਸ਼ਿਆਰਪੁਰ ਪ੍ਰੀਵਾਰ ਸਮੇਤ ਗੁ: ਨੌਵੀਂ ਪਾਤਸ਼ਾਹੀ ਬਾਬਾ ਬਕਾਲਾ ਸਾਹਿਬ ਵਿਖੇ ਨਤਮਸਤਕ ਹੋਏ, ਉਨ੍ਹਾਂ ਕੜਾਹ ਪ੍ਰਸ਼ਾਦਿ ਦੀ ਦੇਗ ਕਰਵਾਈ ਅਤੇ ਕੁਝ ਸਮਾਂ ਗੁਰਬਾਣੀ ਸਰਵਣ ਕੀਤੀ।

ਉਨ੍ਹਾਂ ਇਸ ਮੌਕੇ 9ਵੇਂ ਪਾਤਸ਼ਾਹ ਜੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਬਾਬਾ ਬਕਾਲਾ ਸਾਹਿਬ ਵਿਖੇ ਤਪ ਕਰਨ ਬਾਰੇ ਇਤਿਹਾਸ ਨੂੰ ਵੀ ਬੜੀ ਸ਼ਰਧਾ ਭਾਵਨਾ ਨਾਲ ਸੁਣਿਆ। ਇਸ ਮੌਕੇ ਮੀਤ ਮੈਨੇਜਰ ਭਾਈ ਸ਼ੇਰ ਸਿੰਘ ਨੇ ਉਨ੍ਹਾਂ ਨੂੰ ਸਨਮਾਨਿਤ ਕੀਤਾ।

ਇਸ ਮੌਕੇ ਮਿਸ ਮਹਿਕਪ੍ਰੀਤ ਕੌਰ ਡਿਊਟੀ ਮੈਜਿਸਟਰੇਟ ਜੂਨੀਅਰ ਡਵੀਜਨ ਬਾਬਾ ਬਕਾਲਾ ਸਾਹਿਬ ਨੇ ਉਨ੍ਹਾਂ ਨੂੰ ਜੀ ਆਇਆਂ ਆਖਿਆ। ਇਸ ਮੌਕੇ ਬਾਬਾ ਬਕਾਲਾ ਸਾਹਿਬ ਅਦਾਲਤ ਸਟਾਫ ਨਾਜਰ ਧਰਮਪਾਲ ਸਿੰਘ, ਮਨਜਿੰਦਰ ਸਿੰਘ, ਗੁਰਦੇਵ ਸਿੰਘ ਤੋਂ ਇਲਾਵਾ ਜ: ਪੂਰਨ ਸਿੰਘ ਖਿਲਚੀਆਂ, ਬਲਜਿੰਦਰ ਸਿੰਘ ਭੁੱਲਰ, ਲਖਵਿੰਦਰ ਸਿੰਘ, ਹਰਦੀਪ ਸਿੰਘ, ਜਸਵਿੰਦਰ ਸਿੰਘ ਕਾਲਾ, ਮੰਗਦੀਪ ਸਿੰਘ ਅਤੇ ਹੋਰ ਦਫ਼ਤਰੀ ਸਟਾਫ ਮੌਜੂਦ ਸੀ।

# ਲੋਕ ਗਾਇਕ ਮੀਤ ਸੰਧਵਾਂ ਦਾ ਸਿੰਗਲ ਟਰੈਕ "ਵਾਈਪਨ ਮਰਚੈਂਟ" ਕੀਤਾ ਲੋਕ ਅਰਪਣ

ਫਰੀਦਕੋਟ
ਸਾਂਝੀ ਸੋਚ ਬਿਊਰੋ



ਅੱਜ ਪੰਜਾਬੀ ਸੰਗੀਤ ਜਗਤ ਦੇ ਲੋਕ ਗਾਇਕ "ਮੀਤ ਸੰਧਵਾਂ" ਦਾ ਦੂਸਰਾ ਸਿੰਗਲ ਟਰੈਕ "ਵਾਈਪਨ ਮਰਚੈਂਟ" ਸੰਗੀਤਕ ਪੱਤਰਕਾਰ ਤੇ ਫਿਲਮ ਜਰਨਲਿਸਟ ਅਤੇ "ਕਲਮਾਂ ਦੇ ਰੰਗ ਸਾਹਿਤ ਸਭਾ (ਰਜਿ) ਫ਼ਰੀਦਕੋਟ ਦੇ ਪ੍ਰਧਾਨ ਸ਼ਿਵਨਾਥ ਦਰਦੀ ਫ਼ਰੀਦਕੋਟ ਦੇ ਗ੍ਰਹਿ ਦਸਮੇਸ਼ ਨਗਰ ਵਿਖੇ ਸੰਗੀਤਕ ਖੇਤਰ ਨਾਲ ਸਬੰਧਤ ਮਾਣਮੱਤੀਆਂ ਸਖਸ਼ੀਅਤਾਂ ਦੀ ਹਾਜਰੀ ਵਿੱਚ ਲੋਕ ਅਰਪਣ ਕੀਤਾ ਗਿਆ। ਇਸ ਸਮੇਂ ਲੋਕ ਗਾਇਕ ਮੀਤ ਸੰਧਵਾਂ ਤੇ ਪ੍ਰੋਮੋਸ਼ਨ ਇੰਚਾਰਜ ਮਨਜੀਤ ਸਿੰਘ ਫ਼ਰੀਦਕੋਟੀਆ ਨੇ ਸੰਗੀਤਕ ਪ੍ਰੇਮੀਆ ਨੂੰ ਓਨਾਂ ਦੇ ਡਿਊਟ ਗੀਤ "ਦਾ ਫਾਈਟਸ" ਨੂੰ ਜਿਵੇ ਮਣਾਂ ਮੂਹੀ ਪਿਆਰ ਮੁਹੱਬਤ ਦਿੱਤਾ। ਓਸੇ ਤਰਾਂ ਹੀ ਇਸ ਸਿੰਗਲ ਟਰੈਕ "ਵਾਈਪਨ ਮਰਚੈਂਟ" ਨੂੰ ਵੀ ਪਿਆਰ ਮੁਹੱਬਤ ਬਖਸਣਾਂ ਗੁਜਾਰਿਸ਼ ਕੀਤੀ। ਇਸ ਸਿੰਗਲ ਟਰੈਕ ਨੂੰ ਵੱਧ ਤੋ ਵੱਧ ਲਾਈਕ, ਕਮੈਂਟ ਤੇ ਸੇਅਰ ਕਰਨਾ ਬੇਨਤੀ ਕੀਤੀ। ਇਸ ਸਿੰਗਲ ਦੇ ਗੀਤਕਾਰ ਹਨ। ਪ੍ਰਸਿੱਧ ਗੀਤਕਾਰ "ਹਰਪਾਲ ਸੰਧਵਾਂ" ਤੇ ਸੰਗੀਤਕ ਧੁੰਨਾਂ ਨਾਲ ਸ਼ਿੰਗਾਰਿਆ ਹੈ, ਚਰਚਿਤ ਸੰਗੀਤਕਾਰ "ਬਿੱਲਾ ਬਦਰਜ਼" ਨੇ। ਇਹ ਸਿੰਗਲ ਟਰੈਕ ਯੂਟਿਊਬ ਚੈਨਲ "ਮੀਤ ਐਸ.ਡੀ.ਐਚ" 'ਤੇ ਚੱਲੇਗਾ। ਇਸ ਦਾ ਫਿਲਮਾਂਕਣ ਖੂਬਸੂਰਤ ਲੋਕੇਸ਼ਨ ਕੀਤਾ ਗਿਆ। ਇਸ ਸਿੰਗਲ ਟਰੈਕ ਦੇ ਫਿਲਮਾਂਕਣ ਵਿੱਚ ਫਿਲਮ ਜਗਤ ਵਿਚ ਮੰਝੇ ਅਦਾਕਾਰ ਗਏ ਹਨ। ਇਹ ਪ੍ਰੋਜੈਕਟ ਬਾਏ ਪੰਜਾਬੀ ਲੋਕ ਗਾਇਕ ਇੰਦਰ ਮਾਨ ਸਨ। ਇਸ ਸਿੰਗਲ ਟਰੈਕ ਨੂੰ ਲੋਕ ਅਰਪਣ ਕਰਨ ਸਮੇਂ ਪੰਜਾਬੀ ਲੋਕ ਗਾਇਕਾ ਸਰਬਜੀਤ ਕੌਰ, ਕਮੇਡੀਅਨ ਲੱਖਾ ਤੇ ਸਿੰਮੀ, ਮਮਤਾ, ਅਸੀਸ ਕੁਮਾਰ,ਕੀਰਤ ਕੁਮਾਰ ਆਦਿ ਹਾਜ਼ਰ ਸਨ। ਸਭ ਨੇ ਲੋਕ ਗਾਇਕ "ਮੀਤ ਸੰਧਵਾਂ" ਤੇ ਓਨਾਂ ਦੀ ਟੀਮ ਨੂੰ ਮੁਬਾਰਕਬਾਦ ਦਿੱਤੀ।



Gillson
TRUCKING INC

NOW HIRING
TRUCK DRIVERS
CLASS A CDL



- ✓ Signing Bonus
- ✓ Top pay
- ✓ Mileage Pay
- ✓ Great Benefits
- ✓ Over the Road or Local Routes
- ✓ Reefers and Dry Van Operations
- ✓ No touch freight

SKILLS
- ✓ Responsible truck driver.
- ✓ Experience with electronic equipment.
- ✓ Ability to travel regularly.
- ✓ Adaptivity and foresight to handle unexpected situations (traffic, weather conditions and roads, etc.)

RESPONSIBILITIES
- ✓ Safely operating assigned vehicles.
- ✓ The Vehicles are maintained and serviced as needed.
- ✓ Report any vehicle defects for repair.
- ✓ Make safety a priority at all times.
- ✓ Comply with standard federal laws and with company. policies and procedures.

PAY
- ✓ Average pay: $0.45-$0.60 cents/mile
- ✓ Weekly direct deposits
- ✓ Bonuses for clean inspections
- ✓ High mileage bonuses

NEWER EQUIPMENT
FREIGHTLINER AND VOLVO 2020 AND PRESENT
RESET PAY AWAY FROM TERMINALS– STOCKTON,. CA AND DAYTON, OHIO

Flexible Home Time | Pet Friendly | Rider Policy

SCAN QR CODE FOR
APPLY NOW

HEALTH BENEFITS: Health | Dental | Vision

1801 E Dr. Martin Luther King Jr. Blvd.
Stockton, CA 95205

925-400-9094 ext. 116, ext. 130 and ext. 144

info@teamgillson.com



GET IN TOUCH gillsontrucking company/gillsontrucking www.teamgillson.com

# SUNSHINE AUTO CARE INC.

## WE REPAIR ALL MAKES & MODELS. AUTO, DIESEL TRUCK & TRAILERS

- DPF Filter Cleaning
- Clutch
- Transmission
- New/Used Tires
- Oil Changes
- Wheel Balancing
- Truck & Trailer Repair
- All Major & Minor Repairs
- We Do Aluminum Welding
- Computer Check
- Differential
- Inspections
- Van/Reefer Work

WE PROVIDE SHUTLE SERVICE FOR ALL CUSTOMERS

hablamos español


We Speak English, Spanish & Punjabi

We Provide Towing &
24/7 Mobile Road Services
For All Autos, Trucks & Trailers

Open Monday to Saturday

Com-Check
T-Check
EFS Check

ACCEPTED HERE
VISA · MasterCard · AMERICAN EXPRESS · DISCOVER NETWORK

**1003 Moffat Blvd,**
**Manteca CA 95336**

# 209-239-1551


Chevron

# TRUCK STOP

OPEN PARKING, DELI, SHOWER, LAUNDRY

• ਸਸਤਾ ਡੀਜ਼ਲ • ਕਾਰਾਂ ਦੀ ਸਸਤੀ ਗੈਸ

We accept all major fleet cards, credit cards including, Visa, MC, AE, Discover, Voyag and Writer Express.



(Or $9 off Chevron In-Store Purchase)

ਇਥੇ
ਪੰਜਾਬੀ ਰੈਸਟੋਰੈਂਟ
ਵੀ ਹੈ ਅਤੇ ਹਰ ਵੇਲੇ
ਪੰਜਾਬੀ ਖਾਣਾ ਮਿਲਦਾ ਹੈ।

Contact :

**BALRAJ SINGH PANNU**
**541-942-0105**

Chevron

1250, Gateway Blvd. Cottage, OR 97424,
Ph : 541-942-4142 Fax : 541-942-9668

# PIONEER VILLA



Chevron

TRUCK PLAZA

MOTEL • RESTAURANT
LOUNGE • MINI-MART
GIFT SHOP • OPEN 24 HR
FLEET • MULTI SERVICE

WE ACCEPT-TCH T-CHECK
COM CHECK - EFS -
ALL MAJOR CREDIT CARDS

**PREETI PANNU**
**(541) 369-2801**
FAX (541) 369-3810

33180 HWY 228 HALSEY, OR 97348


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD
TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280

# ਪੰਜਾਬ ਸਿੱਖਿਆ ਕ੍ਰਾਂਤੀ: ਰਾਜਵਿਆਪੀ ਮਾਪੇ ਵਰਕਸ਼ਾਪ ਵਿੱਚ 17.5 ਲੱਖ ਤੋਂ ਵੱਧ ਮਾਪਿਆਂ ਦੀ ਸ਼ਿਰਕਤ ਨਾਲ ਭਗਵੰਤ ਮਾਨ ਸਰਕਾਰ ਨੇ ਰਾਸ਼ਟਰੀ ਪੱਧਰ ਉੱਤੇ ਨਵਾਂ ਮਾਪਦੰਡ ਸਥਾਪਤ ਕੀਤਾ: ਵਰਕਸ਼ਾਪ ਦੌਰਾਨ ਤਣਾਅ-ਮੁਕਤ ਪ੍ਰੀਖਿਆਵਾਂ ਦੀ ਤਿਆਰੀ ਅਤੇ ਨਸ਼ਿਆਂ ਵਿਰੁੱਧ ਜਾਗਰੂਕਤਾ 'ਤੇ ਕੀਤਾ ਗਿਆ ਧਿਆਨ ਕੇਂਦਰਿਤ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਭਾਈਚਾਰਕ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ ਦੀ ਮਹੱਤਵਪੂਰਨ ਪਹਿਲ ਤਹਿਤ ਪੰਜਾਬ ਸਕੂਲ ਸਿੱਖਿਆ ਵਿਭਾਗ ਨੇ ਅੱਜ ਦੂਜੀ ਰਾਜਵਿਆਪੀ ਸਕੂਲ-ਪੱਧਰੀ ਪੇਰੈਂਟਸ (ਮਾਪੇ) ਵਰਕਸ਼ਾਪ ਕਰਵਾਈ, ਜਿਸ ਵਿੱਚ 17.50 ਲੱਖ ਤੋਂ ਵੱਧ ਮਾਪੇ ਸ਼ਾਮਲ ਹੋਏ।ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਬੈਂਸ ਨੇ ਕਿਹਾ ਕਿ ਸਟੇਟ ਕੌਂਸਲ ਆਫ਼ ਐਜੂਕੇਸ਼ਨਲ ਰਿਸਰਚ ਐਂਡ ਟ੍ਰੇਨਿੰਗ (ਐਸ.ਸੀ.ਈ.ਆਰ.ਟੀ) ਦੀ ਅਗਵਾਈ ਹੇਠ ਸ਼ੁਰੂ ਕੀਤੀ ਗਈ ਇਸ ਮੈਗਾ ਪਹਿਲਕਦਮੀ ਨੇ ਸੂਬੇ ਦੀ ਸਿੱਖਿਆ ਪ੍ਰਣਾਲੀ ਵਿੱਚ ਮਾਪਿਆਂ ਦੀ ਸ਼ਮੂਲੀਅਤ ਲਈ ਇੱਕ ਨਵਾਂ ਮਾਪਦੰਡ ਸਥਾਪਤ ਕੀਤਾ ਹੈ, ਜੋ ਪੰਜਾਬ ਸਿੱਖਿਆ ਕ੍ਰਾਂਤੀ ਅਧੀਨ ਸਿੱਖਿਆ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦੀ ਸਹਿਯੋਗੀ ਸਿੱਖਿਆ ਪ੍ਰਤੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਦੀ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲਕਦਮੀ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਵਿਦਿਆਰਥੀਆਂ ਦੇ ਵਿਦਿਅਕ ਸਫ਼ਰ ਵਿੱਚ ਮਾਪਿਆਂ ਨੂੰ ਸਰਗਰਮ ਭਾਈਵਾਲ ਬਣਾਉਣਾ ਹੈ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਸ੍ਰੀ ਅਨੰਦਪੁਰ ਸਾਹਿਬ ਹਲਕੇ ਦੇ ਸਰਕਾਰੀ ਹਾਈ ਸਕੂਲ, ਮਾਣਕਪੁਰ (ਨੰਗਲ) ਵਿਖੇ ਇਸ ਵਰਕਸ਼ਾਪ ਵਿੱਚ ਸ਼ਮੂਲੀਅਤ ਕਰਦਿਆਂ ਮਾਪਿਆਂ ਤੇ ਸਕੂਲ ਦਰਮਿਆਨ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਅਤੇ ਵਿਦਿਆਰਥੀਆਂ ਦੇ ਸੰਪੂਰਨ ਵਿਕਾਸ ਨੂੰ ਉਤਸ਼ਾਹਿਤ ਕਰਨ ਦੇ ਇਰਾਦੇ ਨਾਲ ਮਾਪਿਆਂ ਅਤੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ। ਉਨ੍ਹਾਂ ਅੱਗੇ ਦੱਸਿਆ ਕਿ ਇਸ ਵਰਕਸ਼ਾਪ ਦਾ ਉਦੇਸ਼ ਮਾਪਿਆਂ ਨੂੰ ਤਣਾਅ-ਮੁਕਤ ਪ੍ਰੀਖਿਆ ਤਿਆਰੀਆਂ ਸਬੰਧੀ ਰਣਨੀਤੀਆਂ ਨਾਲ ਸਸ਼ਕਤ ਬਣਾਉਣਾ, ਸਕਾਰਾਤਮਕ ਰਵੱਈਏ ਰਾਹੀਂ ਬੱਚਿਆਂ ਦਾ ਵਿਸ਼ਵਾਸ ਵਧਾਉਣਾ ਅਤੇ ਪੰਜਾਬ ਦੀ "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ, ਜਿਸ ਵਿੱਚ ਜਲਦ ਪਤਾ ਲਗਾਉਣਾ, ਰੋਕਥਾਮ ਅਤੇ ਸਹਾਇਤਾ 'ਤੇ ਧਿਆਨ ਕੇਂਦਰਿਤ ਕਰਨਾ ਸ਼ਾਮਲ ਹੈ, ਤਹਿਤ ਨਸ਼ਿਆਂ ਦੀ ਰੋਕਥਾਮ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ।ਉਨ੍ਹਾਂ ਅੱਗੇ ਕਿਹਾ ਕਿ ਕੈਬਨਿਟ ਮੰਤਰੀਆਂ ਡਾ. ਬਲਜੀਤ ਕੌਰ, ਲਾਲਚੰਦ ਕਟਾਰੂਚੱਕ, ਤਰੁਨਪ੍ਰੀਤ ਸਿੰਘ ਸੌਂਦ ਅਤੇ ਹਰਦੀਪ ਸਿੰਘ ਮੁੰਡੀਆਂ ਅਤੇ 40 ਤੋਂ ਵੱਧ ਵਿਧਾਇਕਾਂ ਨੇ ਆਪਣੇ-ਆਪਣੇ ਹਲਕਿਆਂ ਵਿੱਚ ਇਨ੍ਹਾਂ ਵਰਕਸ਼ਾਪਾਂ 'ਚ ਸ਼ਮੂਲੀਅਤ ਕਰਦਿਆਂ ਸਿੱਖਿਆ ਪ੍ਰਣਾਲੀ ਦੀ ਮਜ਼ਬੂਤੀ ਅਤੇ ਸਮਰਥਨ ਪ੍ਰਤੀ ਭਾਈਚਾਰਕ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ ਲਈ ਸੂਬਾ ਸਰਕਾਰ ਦੀ ਦ੍ਰਿੜ ਵਚਨਬੱਧਤਾ ਦਾ ਪ੍ਰਗਟਾਵਾ ਕੀਤਾ।ਸ.ਬੈਂਸ ਨੇ ਕਿਹਾ ਕਿ ਦਸੰਬਰ 2025 ਵਿੱਚ ਕਰਵਾਈ ਗਈ ਪਹਿਲੀ ਵਰਕਸ਼ਾਪ ਦੀ ਸ਼ਾਨਦਾਰ ਸਫ਼ਲਤਾ ਦੇ ਆਧਾਰ 'ਤੇ ਅੱਜ ਕਰਵਾਈ ਗਈ ਇਸ ਦੂਜੀ ਵਰਕਸ਼ਾਪ ਨੇ ਸਕੂਲਾਂ ਅਤੇ ਵਿਦਿਆਰਥੀਆਂ ਦੇ ਮਾਪਿਆਂ ਦਰਮਿਆਨ ਇੱਕ ਮਜ਼ਬੂਤ ਭਾਈਵਾਲੀ ਨੂੰ ਉਤਸ਼ਾਹਿਤ ਕੀਤਾ, ਜਿਸ ਦੌਰਾਨ ਮਾਪਿਆਂ ਨੂੰ ਆਪਣੇ ਬੱਚੇ ਦੀ ਅਕਾਦਮਿਕ ਪ੍ਰਗਤੀ ਬਾਰੇ ਜਾਣਨ ਦੀ ਇੱਛਾ ਰੱਖਣ ਅਤੇ ਹੋਮ ਲਰਨਿੰਗ ਦੇ ਸਮਰਥਨ ਬਾਰੇ ਜਾਗਰੂਕ ਕੀਤਾ ਗਿਆ।ਬੈਂਸ ਨੇ ਦੱਸਿਆ ਕਿ ਵਰਕਸ਼ਾਪ ਦੀ ਸਫ਼ਲਤਾ ਨੂੰ ਯਕੀਨੀ ਬਣਾਉਣ ਲਈ ਸਕੂਲ ਸਿੱਖਿਆ ਵਿਭਾਗ ਨੇ ਇਸ ਸਮਾਗਮ ਦੀ ਨਿਗਰਾਨੀ ਅਤੇ ਸੁਚੱਜੇ ਸੰਚਾਲਨ ਲਈ ਡਾਇਰੈਕਟਰਾਂ ਅਤੇ ਡੀ.ਈ.ਓ. ਸਮੇਤ 3,000 ਤੋਂ ਵੱਧ ਸੀਨੀਅਰ ਅਧਿਕਾਰੀਆਂ ਨੂੰ ਤਾਇਨਾਤ ਕੀਤਾ ਸੀ। ਦੱਸਣਯੋਗ ਹੈ ਕਿ ਇਨ੍ਹਾਂ ਵਰਕਸ਼ਾਪਾਂ ਲਈ ਪਹਿਲਾਂ ਹੀ ਲਗਭਗ



40,000 ਅਧਿਆਪਕਾਂ ਨੂੰ ਇਸ ਵਰਕਸ਼ਾਪ ਬਾਰੇ ਸਿਖਲਾਈ ਦਿੱਤੀ ਗਈ ਤਾਂ ਜੋ ਅਸਲ ਮਾਇਨੇ ਵਿੱਚ ਇਸ ਪਹਿਲ ਦੇ ਉਸਾਰੂ ਪ੍ਰਭਾਵ ਨੂੰ ਯਕੀਨੀ ਬਣਾਇਆ ਜਾ ਸਕੇ। ਸਿੱਖਿਆ ਦੀ ਨੁਹਾਰ ਬਦਲਣ ਅਤੇ ਇੱਕ ਸਿੱਖਿਅਤ ਤੇ ਜਾਗਰੂਕ ਨੌਜਵਾਨ ਪੀੜ੍ਹੀ ਪੈਦਾ ਕਰਨ ਲਈ ਸਕੂਲ ਤੇ ਮਾਪਿਆਂ ਦਰਮਿਆਨ ਤਾਲਮੇਲ ਤੇ ਸਹਿਯੋਗ ਦੇ ਪ੍ਰਭਾਵ ਨੂੰ ਉਜਾਗਰ ਕਰਦਿਆਂ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਇਹ ਵਰਕਸ਼ਾਪ ਬੱਚਿਆ ਦੀ ਅਕਾਦਮਿਕ ਸਫ਼ਲਤਾ ਅਤੇ ਸੰਪੂਰਨ ਤੰਦਰੁਸਤੀ ਵਾਸਤੇ ਜ਼ਰੂਰੀ ਇੱਕ ਸਾਜ਼ਗਾਰ ਘਰੇਲੂ ਮਾਹੌਲ ਸਿਰਜਣ ਲਈ ਸਾਡੇ ਮਿਸ਼ਨ ਦਾ ਅਧਾਰ ਹੈ।

ਭਗਵੰਤ ਮਾਨ ਸਰਕਾਰ ਦੀ ਰਾਜਵਿਆਪੀ ਪੇਰੈਂਟਸ ਵਰਕਸ਼ਾਪ ਇੱਕ ਸਫ਼ਲ ਪ੍ਰੋਗਰਾਮ ਹੋ ਨਿੱਬੜੀ, ਜਿਸ ਵਿੱਚ ਇੱਕ ਦਿਨ 'ਚ ਸੂਬੇ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ 17.50 ਲੱਖ ਤੋਂ ਵੱਧ ਮਾਪਿਆਂ ਨੇ ਸ਼ਿਰਕਤ ਕੀਤੀ। ਇਸ ਦੂਜੀ ਰਾਜਵਿਆਪੀ ਪੈਰੈਂਟਸ ਵਰਕਸ਼ਾਪ 'ਚ 3,000 ਤੋਂ ਵੱਧ ਸੀਨੀਅਰ ਅਧਿਕਾਰੀਆਂ ਦੀ ਤਾਇਨਾਤੀ ਅਤੇ ਲਗਭਗ 40,000 ਸਿਖਲਾਈਯਾਫ਼ਤਾ ਅਧਿਆਪਕਾਂ ਦੀ ਮੌਜੂਦਗੀ ਨੇ ਇਸਦੇ ਸੁਚਾਰੂ ਅਮਲ ਨੂੰ ਯਕੀਨੀ ਬਣਾਇਆ। ਇਸ ਪ੍ਰੋਗਰਾਮ ਵਿੱਚ ਪੰਜ ਕੈਬਨਿਟ ਮੰਤਰੀਆਂ ਅਤੇ 40 ਤੋਂ ਵੱਧ ਵਿਧਾਇਕਾਂ ਨੇ ਸ਼ਿਰਕਤ ਕੀਤੀ ਅਤੇ ਹਰੇਕ ਸਕੂਲ ਵਿੱਚ 1 ਤੋਂ 1.5 ਘੰਟੇ ਦੇ ਸੈਸ਼ਨ ਕਰਵਾਏ ਗਏ, ਜੋ ਕਿ ਪੰਜਾਬ ਸਿੱਖਿਆ ਕ੍ਰਾਂਤੀ ਪਹਿਲ ਅਧੀਨ ਰਾਜਨੀਤਿਕ ਵਚਨਬੱਧਤਾ, ਪ੍ਰਸ਼ਾਸਕੀ ਤਿਆਰੀ ਅਤੇ ਭਾਈਚਾਰਕ ਸ਼ਮੂਲੀਅਤ ਦੇ ਸੁਮੇਲ ਨੂੰ ਦਰਸਾਉਂਦਾ ਹੈ।

# ਮਜ਼ਦੂਰ ਸੁਲੱਖਣ ਸਿੰਘ ਲਈ ਸੰਜੀਵਨੀ ਬਣਿਆ ਹੈਲਥ ਕਾਰਡ, ਬਿਨਾਂ ਇੱਕ ਰੁਪਿਆ ਖ਼ਰਚ ਕੀਤੇ ਹੋਇਆ 3 ਲੱਖ ਰੁਪਏ ਦਾ ਇਲਾਜ: ਧਾਲੀਵਾਲ

ਅੰਮ੍ਰਿਤਸਰ
ਧੈਰਿਆ ਮਹਿਰਾ

ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੁੱਖ ਬੁਲਾਰੇ ਅਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਜਨਤਾ ਨਾਲ ਕੀਤੇ ਗਏ ਵਾਅਦੇ ਜ਼ਮੀਨੀ ਪੱਧਰ 'ਤੇ ਸੱਚ ਹੁੰਦੇ ਦਿਖਾਈ ਦੇ ਰਹੇ ਹਨ। ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ੀ ਸੋਚ ਸਦਕਾ 'ਮੁੱਖ ਮੰਤਰੀ ਸਿਹਤ ਬੀਮਾ ਯੋਜਨਾ' ਹੁਣ ਪੂਰੀ ਤਰ੍ਹਾਂ ਪ੍ਰਭਾਵਸ਼ਾਲੀ ਹੋ ਚੁੱਕੀ ਹੈ।ਸ਼ਨੀਵਾਰ ਨੂੰ 'ਆਪ' ਆਗੂ ਪ੍ਰਭਬੀਰ ਸਿੰਘ ਬਰਾੜ ਅਤੇ ਗੁਰਪ੍ਰਤਾਪ ਸਿੰਘ ਸੰਧੂ ਨਾਲ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਧਾਲੀਵਾਲ ਨੇ ਦੱਸਿਆ ਕਿ ਇਸ ਯੋਜਨਾ ਤਹਿਤ ਪੰਜਾਬ ਦੇ ਲਗਭਗ 65 ਲੱਖ ਪਰਿਵਾਰਾਂ ਨੂੰ 10 ਲੱਖ ਰੁਪਏ ਤੱਕ ਦੇ ਕੈਸ਼ਲੇਸ ਇਲਾਜ ਦੀ ਸਹੂਲਤ ਯਕੀਨੀ ਬਣਾਈ ਗਈ ਹੈ, ਜੋ ਵਿਸ਼ੇਸ਼ ਤੌਰ 'ਤੇ ਗਰੀਬ ਅਤੇ ਮੱਧ ਵਰਗੀ ਪਰਿਵਾਰਾਂ ਲਈ ਕਿਸੇ ਵਰਦਾਨ ਤੋਂ ਘੱਟ ਨਹੀਂ ਹੈ।ਯੋਜਨਾ ਦੀ ਸਫ਼ਲਤਾ ਦਾ ਜਿਉਂਦਾ-ਜਾਗਦਾ ਸਬੂਤ ਦਿੰਦਿਆਂ ਧਾਲੀਵਾਲ ਨੇ ਗੁਰਦਾਸਪੁਰ ਦੇ ਪਿੰਡ ਗੁਰਦਾਸਨੰਗਲ ਨਿਵਾਸੀ ਸੁਲੱਖਣ ਸਿੰਘ ਦੀ ਮਿਸਾਲ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਦਿਹਾੜੀ ਮਜ਼ਦੂਰੀ ਕਰਨ ਵਾਲੇ ਸੁਲੱਖਣ ਸਿੰਘ ਅਚਾਨਕ ਦਿਲ ਦੀ ਗੰਭੀਰ ਬਿਮਾਰੀ ਦੀ ਲਪੇਟ ਵਿੱਚ ਆ ਗਏ ਸਨ, ਜਿਸ ਦੇ ਇਲਾਜ ਦਾ ਖ਼ਰਚਾ ਡਾਕਟਰਾਂ ਨੇ ਕਰੀਬ 3 ਲੱਖ ਰੁਪਏ ਦੱਸਿਆ ਸੀ।



ਆਰਥਿਕ ਤੰਗੀ ਕਾਰਨ ਪਰਿਵਾਰ ਲਈ ਇਹ ਖ਼ਰਚਾ ਚੁੱਕਣਾ ਅਸੰਭਵ ਸੀ, ਪਰ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਮਹਿਜ਼ ਇੱਕ ਦਿਨ ਵਿੱਚ ਉਨ੍ਹਾਂ ਦਾ ਹੈਲਥ ਕਾਰਡ ਤਿਆਰ ਕੀਤਾ ਗਿਆ। ਇਸ ਤੋਂ ਬਾਅਦ ਅੰਮ੍ਰਿਤਸਰ ਦੇ ਇੱਕ ਨਿੱਜੀ ਹਸਪਤਾਲ ਵਿੱਚ ਬਿਨਾਂ ਇੱਕ ਵੀ ਪੈਸਾ ਖ਼ਰਚ ਕੀਤੇ ਉਨ੍ਹਾਂ ਦੇ ਦਿਲ ਦਾ ਸਫ਼ਲ ਆਪ੍ਰੇਸ਼ਨ ਹੋਇਆ ਅਤੇ ਸਟੈਂਟ ਪਾਏ ਗਏ। ਧਾਲੀਵਾਲ ਨੇ ਕਿਹਾ ਕਿ ਸੁਲੱਖਣ ਸਿੰਘ ਦਾ ਸਿਹਤਮੰਦ ਹੋ ਕੇ ਘਰ ਪਰਤਣਾ ਉਨ੍ਹਾਂ ਵਿਰੋਧੀਆਂ ਨੂੰ ਕਰਾਰਾ ਜਵਾਬ ਹੈ ਜੋ ਸਰਕਾਰ ਦੀਆਂ ਨੀਤੀਆਂ ਨੂੰ ਸਿਰਫ਼ 'ਜੁਮਲੇਬਾਜ਼ੀ' ਕਰਾਰ ਦਿੰਦੇ ਹਨ।

ਧਾਲੀਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਮੁੱਖ ਏਜੰਡਾ ਸਿੱਖਿਆ ਅਤੇ ਸਿਹਤ ਦੇ ਢਾਂਚੇ ਨੂੰ ਮਜ਼ਬੂਤ ਕਰਨਾ ਹੈ। ਦੋਵਾਂ ਖੇਤਰਾਂ ਵਿੱਚ ਨਿਵੇਸ਼ ਕਰਕੇ ਸਰਕਾਰ ਆਉਣ ਵਾਲੀਆਂ ਪੀੜ੍ਹੀਆਂ ਲਈ ਮਜ਼ਬੂਤ ਅਤੇ ਸੁਰੱਖਿਅਤ ਭਵਿੱਖ ਤਿਆਰ ਕਰ ਰਹੀ ਹੈ। ਪਿਛਲੀਆਂ ਸਰਕਾਰਾਂ ਦੌਰਾਨ ਗਰੀਬ ਵਰਗ ਮਹਿੰਗੇ ਇਲਾਜ ਕਾਰਨ ਜਾਂ ਤਾਂ ਕਰਜ਼ੇ ਵਿੱਚ ਡੁੱਬ ਜਾਂਦਾ ਸੀ ਜਾਂ ਇਲਾਜ ਦੀ ਘਾਟ ਕਾਰਨ ਦਮ ਤੋੜ ਦਿੰਦਾ ਸੀ, ਪਰ ਮਾਨ ਸਰਕਾਰ ਨੇ ਸਿਹਤ ਨੂੰ ਹਰ ਨਾਗਰਿਕ ਦਾ ਬੁਨਿਆਦੀ ਅਧਿਕਾਰ ਬਣਾਇਆ ਹੈ।ਉਨ੍ਹਾਂ ਸਪੱਸ਼ਟ ਕੀਤਾ ਕਿ ਹਸਪਤਾਲਾਂ ਦੀ ਨਿਯਮਤ ਨਿਗਰਾਨੀ ਕੀਤੀ ਜਾ ਰਹੀ ਹੈ ਤਾਂ ਜੋ ਕਿਸੇ ਵੀ ਮਰੀਜ਼ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਨਾ ਹੋਵੇ ਅਤੇ ਕੋਈ ਵੀ ਹਸਪਤਾਲ ਕਾਰਡ ਧਾਰਕ ਤੋਂ ਵਾਧੂ ਰਾਸ਼ੀ ਦੀ ਮੰਗ ਨਾ ਕਰ ਸਕੇ।'ਆਪ' ਆਗੂ ਨੇ ਵਿਰੋਧੀਆਂ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਜਿਨ੍ਹਾਂ ਨੇ ਦਹਾਕਿਆਂ ਤੱਕ ਸੱਤਾ ਵਿੱਚ ਰਹਿ ਕੇ ਇਨ੍ਹਾਂ ਬੁਨਿਆਦੀ ਸਹੂਲਤਾਂ ਨੂੰ ਨਜ਼ਰਅੰਦਾਜ਼ ਕੀਤਾ, ਉਨ੍ਹਾਂ ਨੂੰ ਅੱਜ ਇਹ ਬਦਲਾਅ ਹਜ਼ਮ ਨਹੀਂ ਹੋ ਰਿਹਾ। ਉਨ੍ਹਾਂ ਜਨਤਾ ਨੂੰ ਅਪੀਲ ਕੀਤੀ ਕਿ ਉਹ 'ਮੁੱਖ ਮੰਤਰੀ ਸਿਹਤ ਬੀਮਾ ਯੋਜਨਾ' ਤਹਿਤ ਆਪਣਾ ਹੈਲਥ ਕਾਰਡ ਬਣਵਾਉਣ ਅਤੇ ਇਸ ਲੋਕ ਭਲਾਈ ਸਕੀਮ ਦਾ ਪੂਰਾ ਲਾਭ ਉਠਾਉਣ।

# ਜਲੰਧਰ ਵਿੱਚ ਸਵਰਗੀ ਅਜੀਤ ਦਾਦਾ ਪਵਾਰ ਨੂੰ ਦਿਲੋਂ ਸ਼ਰਧਾਂਜਲੀ, ਅਸਥੀਆਂ ਵਾਲੇ ਕਲਸ਼ ਦਾ ਸਤਿਕਾਰਪੂਰਵਕ ਜਲ ਪ੍ਰਵਾਹ

ਜਲੰਧਰ
ਸਾਂਝੀ ਸੋਚ ਬਿਊਰੋ

ਸਵਰਗੀ ਅਜੀਤ ਦਾਦਾ ਪਵਾਰ ਦੀਆਂ ਅਸਥੀਆਂ ਵਾਲਾ ਕਲਸ਼ ਨਵੀਂ ਦਿੱਲੀ ਤੋਂ ਜਲੰਧਰ ਵਿੱਚ ਨੈਸ਼ਨਲਿਸਟ ਕਾਂਗਰਸ ਪਾਰਟੀ ਪੰਜਾਬ ਦੇ ਜ਼ਿਲ੍ਹਾ ਜਲੰਧਰ ਦਫ਼ਤਰ ਵਿਖੇ ਪਹੁੰਚਿਆ। ਇਹ ਸਮਾਗਮ ਧੀਰਜ ਸ਼ਰਮਾ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ ਸੀ, ਅਤੇ ਮਤੀਨ ਕਮਲੇ (ਆਬਜ਼ਰਵਰ, ਪੰਜਾਬ-ਚੰਡੀਗੜ੍ਹ) ਉਨ੍ਹਾਂ ਦੀ ਪਤਨੀ ਰਾਇਸਾ ਕਮਲੇ ਨਾਲ ਮੌਜੂਦ ਸਨ। ਜ਼ਿਲ੍ਹਾ ਪ੍ਰਧਾਨ ਲੱਕੀ ਸੰਧੂ ਦੇ ਦਫ਼ਤਰ ਵਿਖੇ ਹੋਈ ਸ਼ੋਕ ਸਭਾ ਵਿੱਚ ਲੱਕੀ ਸੰਧੂ, ਸੋਨੀਆਅਤੇ ਪੰਜਾਬ ਪ੍ਰਦੇਸ਼ ਜਨਰਲ ਸਕੱਤਰ ਚੰਦਰਸ਼ੇਖਰ ਨੇ ਢੁਕਵੇਂ ਰਸਮਾਂ-ਰਿਵਾਜਾਂ ਨਾਲ ਕਲਸ਼ ਨੂੰ ਪਵਿੱਤਰ ਕੀਤਾ ਅਤੇ ਦਿਲੋਂ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਸ਼ਹਿਰ ਦੇ ਕਈ ਪ੍ਰਮੁੱਖ ਨਾਗਰਿਕਾਂ ਨੇ ਸ਼ਰਧਾਂਜਲੀ ਭੇਟ ਕੀਤੀ। ਮੌਜੂਦ



ਪ੍ਰਮੁੱਖ ਵਿਅਕਤੀਆਂ ਵਿੱਚ ਲਲਿਤ ਕੋਹਲੀ (ਏਆਈਜੀ, ਪੰਜਾਬ ਪੁਲਿਸ), ਫਿਲਮ ਕਾਮੇਡੀਅਨ ਅਤੇ ਅਦਾਕਾਰ ਦੀਪਕ ਰਾਜਾ, ਪੰਜਾਬ ਪ੍ਰਦੇਸ਼ ਪ੍ਰਧਾਨ ਸਰਬਜੀਤ ਸਿੰਘ ਗੋਲਡੀ, ਯੂਥ ਜ਼ਿਲ੍ਹਾ ਪ੍ਰਧਾਨ ਸਰਬਜੀਤ, ਸਮੇਤ ਹੋਰ ਪਤਵੰਤੇ ਅਤੇ ਮਹਿਲਾ ਅਧਿਕਾਰੀ ਸ਼ਾਮਲ ਸਨ। ਸ਼ਰਧਾਂਜਲੀ ਸਮਾਰੋਹ ਤੋਂ ਬਾਅਦ, ਲੱਕੀ ਸੰਧੂ ਅਤੇ ਪੰਜਾਬ ਦੇ ਹੋਰ ਪ੍ਰਮੁੱਖ ਅਧਿਕਾਰੀ ਸ਼ਰਧਾ ਨਾਲ ਅਸਥੀਆਂ ਦੇ ਕਲਸ਼ ਨੂੰ ਸ੍ਰੀ ਕੀਰਤਪੁਰ ਸਾਹਿਬ ਗੁਰਦੁਆਰੇ ਲੈ ਗਏ, ਜਿੱਥੇ ਰਸਮਾਂ-ਰਿਵਾਜਾਂ ਅਨੁਸਾਰ ਅਸਥੀਆਂ ਨੂੰ ਜਲ ਪ੍ਰਵਾਹ ਕੀਤਾ ਗਿਆ ਅਤੇ ਸਵਰਗੀ ਦਾਦਾ ਜੀ ਦੇ ਨਾਮ 'ਤੇ ਅਰਦਾਸ ਕੀਤੀ ਗਈ। ਇਸ ਮੌਕੇ ਹਲਕਾ ਇੰਚਾਰਜ ਚੰਦੇਸ਼ਵਰ ਗਿੱਲ, ਜ਼ਿਲ੍ਹਾ ਪ੍ਰਧਾਨ ਮੋਹਾਲੀ ਜੋਤਸ਼ੀ ਪ੍ਰੋਫੈਸਰ ਸਰਦਾਰ ਬਖਸ਼ੀਸ਼ ਸਿੰਘ ਬਾਵਾ, ਪੰਜਾਬ ਦੇ ਉਪ ਪ੍ਰਧਾਨ ਸੱਭਰਵਾਲ, ਸੁਰੇਂਦਰ ਸਿੰਘ ਬੇਟਾ ਅਤੇ ਕਈ ਹੋਰ ਸੀਨੀਅਰ ਅਧਿਕਾਰੀ ਅਤੇ ਮਹਿਲਾ ਅਧਿਕਾਰੀ ਮੌਜੂਦ ਸਨ।





RE/MAX EXECUTIVE

ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।

**Kirandeep Kaur**

Realtor ®

CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

TAKE CONTROL OF YOUR HEALTH!

PRIVATE, AFFORDABLE, & CONVENIENT

8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

NO INSURANCE? NO PROBLEM!

WALK-INS WELCOME

ANYLABTEST NOW!



ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੋਮਿਓਪੈਥਿਕ ਕਨਸਲਟੈਂਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।
ਕਾਲ ਕਰ ਸਕਦੇ ਹੋ 408-687-1899
ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.
To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday Friday in Punjabi.

## HOMEOPATHIC NATURAL MEDICINES

**When Tired of All Treatments,
For any Disease, at any Age
Try Alternative Treatment**

**Safe and Effective Medicines without any Side Effects**



**GURDIP S SANDHU**




**Consultant/Physician
Since 1973
DHMS-Gold Medalist,
BAMS, MDEH
Ex-Prof, Principal &
CMO Medical
Colleges/Hospitals in
India**

**(408) 687-1899 (925) 587-1148**

**Homeopathic Medicine and Notary Consultancy**
9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**

# ਰਾਸ਼ਟਰਪਤੀ ਭਵਨ ਵੱਲੋਂ ਕੀਤੀ ਗਈ ਈ-ਨੀਲਾਮੀ ਵਿੱਚ ਮੌੜ ਮੰਡੀ ਦੇ ਡਾ. ਸੰਦੀਪ ਘੰਡ ਐਡਵੋਕੇਟ ਨੇ ਚਾਰ ਆਈਟਮ ਜਿਤਣ ਵਿੱਚ ਕਾਮਯਾਬੀ ਹਾਸਲ ਕੀਤੀ

## ਨਿਲਾਮੀ ਵਿੱਚ ਭੁਗਤਾਨ ਕੀਤੀ ਰਾਸ਼ੀ ਸ਼ਹੀਦ ਜਵਾਨਾਂ ਦੇ ਬੱਚਿਆਂ ਦੀ ਭਲਾਈ ਤੇ ਹੋਵੇਗੀ ਖਰਚ-ਡਾ.ਘੰਡ

ਮਾਨਸਾ
ਸਾਂਝੀ ਸੋਚ ਬਿਊਰੋ

ਭਾਰਤ ਦੇ ਰਾਸ਼ਟਰਪਤੀ ਦਫਤਰ ਵੱਲੋਂ ਰਾਸ਼ਟਰਪਤੀ ਨੂੰ ਮਿਲੇ ਸਨਮਾਨਾ ਅਤੇ ਤੋਹਿਫਆਂ ਦੀ ਵਿਸ਼ੇਸ ਨਿਲਾਮੀ ਕਰਕੇ ਪ੍ਰਾਪਤ ਰਾਸ਼ੀ ਨੂੰ ਭਾਰਤੀ ਫੋਜ ਵਿੱਚ ਸ਼ਹੀਦ ਹੋਏ ਜਵਾਨਾਂ ਦੇ ਬੱਚਿਆਂ ਦੀ ਭਲਾਈ ਹਿੱਤ ਖਰਚ ਕੀਤਾ ਜਾਦਾਂ।ਇਹ ਨਿਲਾਮੀ ਹਰ ਸਾਲ ਅਗਸਤ ਮਹੀਨੇ ਤੋਂ ਸ਼ੁਰੂ ਹੋਕੇ ਨਵੰਬਰ ਤੱਕ ਚੱਲਦੀ ਹੈ।ਆਨਲਾਈਨ ਕਰਵਾਈ ਜਾਦੀ ਇਸ ਨਿਲਾਮੀ ਵਿੱਚ ਵੱਡੀ ਗਿਣਤੀ ਵਿੱਚ ਸਮਾਜ ਸੇਵਾ ਵਿੱਚ ਕੰਮ ਕਰਨ ਵਾਲੇ ਸਮਾਜ ਸੇਵੀਆਂ ਤੋਂ ਇਲਾਵਾ ਸਮਾਜਿਕ ਸੰਸ਼ਥਾਵਾਂ ਸਾਬਕਾ ਕੇਦਰ ਅਤੇ ਪੰਜਾਬ ਸਰਕਾਰ ਦੇ ਅਧਿਕਾਰੀ ਭਾਗ ਲੈਂਦੇ ਹਨ।ਹਰ ਸਾਲ ਹੋਣ ਵਾਲੀ ਇਸ ਨਿਲਾਮੀ ਦੀ ਕਾਰਵਾਈ ਵਿੱਚ ਗਿਫਟ ਆਈਟਮ ਦੀ ਕੀਮਤ ਵੱਧਦੀ ਰਹਿੰਦੀ ਹੈ।ਇਸ ਬਾਰੇ ਜਾਣਕਾਰੀ ਦਿੰਦਿਆ ਭਾਰਤ ਸਰਕਾਰ ਦੇ ਸਾਬਕਾ ਅਧਿਕਾਰੀ ਅਤੇ ਸਮਾਜ ਸੇਵੀ ਐਡਵੋਕੇਟ ਡਾ ਸੰਦੀਪ ਘੰਡ ਨੇ ਦੱਸਿਆ ਕਿ ਉਹ ਪਿਛਲੇ ਤਿੰਨ ਸਾਲ ਤੋ ਇਸ ਗਤੀਵਿਧੀ ਵਿੱਚ ਭਾਗ ਲੇ ਰਹੇ ਹਨ ਬੇਸ਼ਕ ਪਹਿਲੇ ਦੋ ਸਾਲ ਉਹ ਕੋਈ ਆਈਟਮ ਨਹੀਂ ਜਿੱਤ ਸਕੇ ਪਰ ਪਿਛਲੇ ਸਾਲ 2 ਅਤੇ ਇਸ ਸਾਲ ਉਹ 4 ਆਈਟਮ ਜਿੱਤਣ ਵਿੱਚ ਕਾਮਯਾਬ ਹੋਏ ਹਨ।

ਜਿੰਨਾਂ ਵਿੱਚ ਭਾਰਤ ਦੀ ਸੈਨਾ ਵੱਲੋਂ ਭੇਟ ਕੀਤਾ ਗਿਆ ਯਾਦਗਰੀ ਚਿੰਨ, ਖੇਡ ਅਤੇ ਸੱਭਿਆਚਾਰਕ ਵਿਰਾਸਤ ਦਾ ਪ੍ਰਤੀਕ ਹਨ। ਸਾਲ 2022 ਵਿੱਚ ਭਾਰਤੀ ਫੌਜ ਦੇ ਇੰਜੀਨੀਅਰ ਇਨ ਚੀਫ ਵੱਲੋਂ ਰਾਸ਼ਟਰਪਤੀ ਸ਼੍ਰੀਮਤੀ ਦ੍ਰੌਪਦੀ ਮੁਰਮੂ ਨੂੰ ਭੇਟ ਕੀਤੀ ਗਈ ਧਾਤੂ ਪੱਟਿਕਾ ਸੈਨਾ ਇੰਜੀਨੀਅਰਿੰਗ ਦੀ ਗੌਰਵਸ਼ਾਲੀ ਪਰੰਪਰਾ ਨੂੰ ਦਰਸਾਉਂਦੀ ਹੈ। ਕੁਦਰਤੀ ਉਨ ਤੋਂ ਬਣਿਆ ਅੰਗਵਸਤ੍ਰ ਦੇਸ਼ਭਗਤੀ, ਖੇਡ ਭਾਵਨਾ ਅਤੇ ਭਾਰਤੀ ਖਿਡਾਰੀਆਂ ਪ੍ਰਤੀ ਸਨਮਾਨ ਦਾ ਪ੍ਰਤੀਕ ਹੈ। ਸਾਲ 2017 ਵਿੱਚ ਰਾਸ਼ਟਰਪਤੀ ਸ਼੍ਰੀ ਪ੍ਰਣਬ ਮੁਖਰਜੀ ਨੂੰ ਪ੍ਰਾਪਤ ਹੋਇਆ ਬਦਰੀਨਾਥ ਮੰਦਰ ਦਾ ਮਾਡਲ ਭਾਰਤ ਦੀ ਆਧਿਆਤਮਿਕ ਆਸਥਾ ਅਤੇ ਵਾਸਤੂਕਲਾ ਨੂੰ ਦਰਸਾਉਂਦਾ ਹੈ। ਇਸੇ ਤਰ੍ਹਾਂ, ਸਾਲ 2025 ਭਾਰਤੀ ਸੇਨਾ ਵੱਲੋਂ ਭੇਟ ਕੀਤਾ ਗਿਆ ਨੌਸੈਨਾ ਸਮ੍ਰਿਤੀ ਚਿੰਨ੍ਹ ਭਾਰਤੀ ਨੌਸੈਨਾ ਦੀ ਤਕਨੀਕੀ ਕੁਸ਼ਲਤਾ ਅਤੇ ਸਮੁੰਦਰੀ ਸੁਰੱਖਿਆ ਪ੍ਰਤੀ ਸਮਰਪਣ ਨੂੰ ਪ੍ਰਗਟ ਕਰਦਾ ਹੈ।

ਭਾਰਤ ਦੀਆਂ ਤਿੰਨੇ ਸੇਨਾਵਾਂ ਵੱਲੋਂ ਭਾਰਤ ਦੇ ਰਾਸ਼ਟਰਪਤੀ ਨੂੰ ਦਿੱਤਾ ਗਿਆ ਮਿਜਾਈਲ ਦਾ ਮਾਡਲ, ਉਤਰਾਖੰਡ ਵਿੱਚ ਸਥਿਤ ਬਦਰੀਨਾਥ ਮੰਦਿਰ ਦਾ ਮਾਡਲ,ਭਾਰਤ ਵਿੱਚ ਹੋਈਆਂ ਕਾਮਬਵੇਲਥ ਗੇਮਾਂ ਵਿੱਚ ਮਿਲਿਆ ਸਨਮਾਨ ਅਤੇ ਸੇਨਾ ਦੇ ਇੰਜਨੀਅਰ ਵਿੰਗ ਵੱਲੋਂ ਦਿੱਤਾ ਗਿਆ ਸਨਮਾਨ ਸ਼ਾਮਲ ਹੈ।ਬੇਸ਼ਕ ਇਸ ਨਿਲਾਮੀ ਵਿੱਚ ਭੁਗਤਾਨ ਕੀਤੀ ਰਾਸ਼ੀ ਦੀ ਰਸੀਦ ਜਾਰੀ ਕੀਤੀ ਜਾਦੀ ਹੈ ਪਰ ਉਸ ਦੀ ਕੀਮਤ ਨੂੰ ਗੁਪਤ ਰੱਖਿਆ ਜਾਦਾਂ ਹੈ। ਇਸ ਨੀਲਾਮੀ ਦਾ ਮੁੱਖ ਉਦੇਸ਼ ਦੇਸ਼ ਦੀ ਸਰਹੱਦਾਂ 'ਤੇ ਸ਼ਹੀਦ ਹੋਏ ਸੈਨਾ ਜਵਾਨਾਂ ਦੇ ਬੱਚਿਆਂ ਦੀ ਸਿੱਖਿਆ ਅਤੇ ਭਲਾਈ ਲਈ ਫੰਡ ਇਕੱਠਾ ਕਰਨਾ ਸੀ। ਇਸ ਰਕਮ ਰਾਹੀਂ ਉਹਨਾਂ ਬੱਚਿਆਂ ਦੀ ਪੜ੍ਹਾਈ ਅਤੇ ਪਰਵਰਿਸ਼ ਦੀ ਜ਼ਿੰਮੇਵਾਰੀ ਸੰਸਥਾਵਾਂ ਵੱਲੋਂ ਨਿਭਾਈ ਜਾਂਦੀ ਹੈ।

ਡਾ. ਸੰਦੀਪ ਘੰਡ ਜੋ ਕਿ ਇੱਕ ਸਮਾਜ ਸੇਵੀ ਹੋਣ ਦੇ ਨਾਲ ਨਾਲ ਵਕੀਲ ਅਤੇ ਲਾਈਫ ਕੋਚ ਵੀ ਹਨ ਨੇ ਦੱਸਿਆ ਕਿ ਉਹਨਾਂ ਨੂੰ ਖੁਸ਼ੀ ਹੈ ਕਿ ਉਹਨਾਂ ਨੇ ਇਸ ਸਮਾਜ ਸੇਵਾ ਵਾਲੀ ਮੁਹਿੰਮ ਵਿੱਚ ਸਰਗਰਮ ਭਾਗ ਲਿਆ।ਜਿਥੇ ਉਨਾਂ ਨੂੰ ਇੱਕ ਯਾਦਗਾਰ ਵੱਜੋਂ ਬੇਸ਼ਕੀਮਤੀ ਚਾਰ ਤੋਹਫੇ ਮਿਲੇ ਹਨ ਉਥੇ ਹੀ ਉਨਾਂ ਨੂੰ ਭਾਰਤੀ ਸੇਨਾ ਦੇ ਸ਼ਹੀਦ ਬੱਚਿਆਂ ਦੀ ਭਲਾਈ ਹਿੱਤ ਚਲਾਏ ਜਾ ਰਹੇ ਕਾਰਜਾਂ ਵਿੱਚ ਯੋਗਦਾਨ ਪਾਉਣ ਦਾ ਮੋਕਾ ਮਿਲਿਆ ਹੈ।ਉਨਾਂ ਸਮੂਹ ਸਮਾਜ ਸੇਵੀਆਂ ਅਤੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵੀ ਅਗਲੇ ਸਾਲ ਇਸ ਨਿਲਾਮੀ ਵਿੱਚ ਭਾਗ ਲੇਕੇ ਬੱਚਿਆਂ ਦੀ ਭਲਾਈ ਹਿੱਤ ਯੋਗਦਾਨ ਪਾਉਣ।ਉਨਾਂ ਦੱਸਿਆ ਕਿ ਕੁੱਲ 122 ਆਈਟਮ ਦੀ ਨਿਲਾਮੀ ਵਿੱਚ ਤਿੰਨ ਪੇਟਿੰਗ ਦੀ ਨਿਲਾਮੀ ਦੋ ਕਰੋੜ ਤੱਕ ਗਈ ਹੈ ਇਸੇ ਤਰਾਂ ਕਈ ਹੋਰ ਆਈਟਮਾਂ ਵਿੱਚ ਵੀ ਲੋਕਾਂ ਵੱਲੋਂ ਵੱਡਾ ਯੋਗਦਾਨ ਪਾਇਆ ਗਿਆ ਹੈ।

ਨਿਲਾਮੀ ਦੀਆਂ ਆਈਟਮ ਜਿੱਤਣ ਅਤੇ ਬੱਚਿਆਂ ਦੀ ਭਲਾਈ ਹਿੱਤ ਪਾਏ ਯੋਗਦਾਨ ਲਈ ਡਾ ਸੰਦੀਪ ਘੰਡ ਨੂੰ ਵਧਾਈ ਦਿੰਦਿਆਂ ਰਣਬੀਰ ਸਿੰਘ ਬਰਾੜ ਸੀਨੀਅਰ ਐਡਵੋਕੇਟ, ਸੁਖਵਿੰਦਰ ਸਿੰਘ ਸੁੱਖਾ ਜਿਲ੍ਹਾ ਮੇਨੇਜਰ,ਹਰਵਿੰਦਰ ਸਿੰਘ ਯੂਥ ਆਗੂ, ਸਿੱਖਿਆ ਕਲਾ ਮੰਚ ਦੇ ਪ੍ਰਧਾਨ ਹਰਦੀਪ ਸਿੱਧੂ ਪ੍ਰੋਜੇਕਟ ਚੈਅਰਮੇਨ ਜੱਸ ਸ਼ੇਰਗਿਲ, ਬਾਰ ਐਸੋਸੀਏਸ਼ਨ ਦੇ ਪ੍ਰਧਾਨ ਗੁਰਦਾਸ ਮਾਨ,ਐਡਵੋਕੇਟ ਹਰਪ੍ਰੀਤ ਸਿੰਘ,ਨਵਦੀਪ ਸ਼ਰਮਾ ਐਡਵੋਕੇਟ,ਐਡਵੋਕੇਟ ਗੁਰਲਾਭ ਸਿੰਘ ਮਾਹਲ, ਅੰਗਰੇਜ ਸਿੰਘ ਕਲੇਰ,ਈਟੀਟੀ ਅਧਿਆਪਕ ਯੂਨੀਅਨ ਦੇ ਰਾਜੇਸ਼ ਬੁਢਲਾਡਾ,




ਹਰਿੰਦਰ ਮਾਨਸ਼ਾਹੀਆ ਸੋਸਲਿਸਟ ਪਾਰਟੀ,ਡਾ ਚੇਤ ਸਿੰਘ ਤਲਵੰਡੀ ਅਕਲੀਆ, ਕੇਵਲ ਸਿੰਘ ਭਾਈਦੇਸਾ,ਗੁਰਵਿੰਦਰ ਸਿੰਘ ਮੋੜਮੰਡੀ ਨੇ ਕਿਹਾ ਕਿ ਡਾ ਘੰਡ ਜੋ ਪਿਛਲੇ 35 ਸਾਲਾਂ ਤੋਂ ਲਗਾਤਾਰ ਸਮਾਜ ਸੇਵਾ ਨਾਲ ਜੁੜੇ ਹੋਏ ਹਨ ਅਤੇ ਉਨਾਂ ਦਾ ਇਹ ਯੋਗਦਾਨ ਵੀ ਸ਼ਲਾਘਾਯੋਗ ਕੰਮ ਹੈ।

# ਭਗਵੰਤ ਮਾਨ ਸਰਕਾਰ ਕਿਫ਼ਾਇਤੀ ਦਰਾਂ 'ਤੇ ਪਸ਼ੂਧਨ ਸਿਹਤ ਸੰਭਾਲ ਸੇਵਾਵਾਂ ਪ੍ਰਦਾਨ ਕਰਨ ਲਈ ਵੈਟਰਨਰੀ ਪੌਲੀਕਲੀਨਿਕਾਂ ਵਿੱਚ ਖੋਲ੍ਹੇਗੀ 'ਬਲੂ ਕਰਾਸ' ਸਟੋਰ: ਗੁਰਮੀਤ ਸਿੰਘ ਖੁੱਡੀਆਂ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਛੇ ਜ਼ਿਲ੍ਹਿਆਂ ਵਿੱਚ 'ਬਲੂ ਕਰਾਸ' ਵੈਟਰਨਰੀ ਮੈਡੀਸਨ ਸਟੋਰ ਖੋਲ੍ਹਣ ਜਾ ਰਹੀ ਹੈ ਜਿਸਦਾ ਉਦੇਸ਼ ਉੱਨਤ ਪਸ਼ੂ ਸਿਹਤ ਸੰਭਾਲ ਸੇਵਾਵਾਂ ਨੂੰ ਵਧੇਰੇ ਪਹੁੰਚਯੋਗ ਅਤੇ ਕਿਫਾਇਤੀ ਬਣਾਉਣਾ ਹੈ।ਇਸ ਪ੍ਰਾਜੈਕਟ ਸਬੰਧੀ ਵੇਰਵੇ ਸਾਂਝੇ ਕਰਦਿਆਂ ਪੰਜਾਬ ਦੇ ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਇਹ ਕਦਮ ਕਿਸਾਨਾਂ 'ਤੇ ਵਿੱਤੀ ਬੋਝ ਨੂੰ ਕਾਫ਼ੀ ਹੱਦ ਤੱਕ ਘਟਾਉਣ ਦੇ ਨਾਲ-ਨਾਲ ਪੇਂਡੂ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਪਸ਼ੂ ਪਾਲਣ ਸੈਕਟਰ ਨੂੰ ਵੱਡਾ ਹੁਲਾਰਾ ਦੇਵੇਗਾ।

ਇਸ ਯੋਜਨਾ ਦੀ ਰੂਪ-ਰੇਖਾ ਬਾਰੇ ਦੱਸਦਿਆਂ ਪੰਜਾਬ ਦੇ ਪਸ਼ੂ ਪਾਲਣ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਪਸ਼ੂ ਪਾਲਕਾਂ ਨੂੰ 'ਬਲੂ ਕਰਾਸ' ਸਟੋਰਾਂ 'ਤੇ ਸਾਰੀਆਂ ਜੈਨਰਿਕ ਵੈਟਰਨਰੀ ਦਵਾਈਆਂ 'ਤੇ 30 ਪ੍ਰਤੀਸ਼ਤ ਦੀ ਛੋਟ ਅਤੇ ਬ੍ਰਾਂਡਿਡ ਦਵਾਈਆਂ 'ਤੇ 20 ਪ੍ਰਤੀਸ਼ਤ ਦੀ ਛੋਟ ਮਿਲੇਗੀ, ਜਿਸਦਾ ਉਦੇਸ਼ ਗੁਣਵੱਤਾ ਨਾਲ ਸਮਝੌਤਾ ਕੀਤੇ ਬਗੈਰ ਪਸ਼ੂ ਪਾਲਕਾਂ ਨੂੰ ਕਿਫ਼ਾਇਤੀ ਦਰਾਂ 'ਤੇ ਦਵਾਈਆਂ ਯਕੀਨੀ ਬਣਾਉਣਾ ਹੈ।

ਉਨ੍ਹਾਂ ਨੇ ਦੱਸਿਆ ਕਿ 'ਬਲੂ ਕਰਾਸ' ਸਟੋਰ ਗੁਰਦਾਸਪੁਰ, ਪਟਿਆਲਾ, ਲੁਧਿਆਣਾ, ਸੰਗਰੂਰ, ਸ੍ਰੀ ਮੁਕਤਸਰ ਸਾਹਿਬ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਵਿੱਚ ਸਥਿਤ ਅਤਿ-ਆਧੁਨਿਕ ਵੈਟਰਨਰੀ ਪੌਲੀਕਲੀਨਿਕਾਂ, ਜਿਨ੍ਹਾਂ ਵਿੱਚ ਪਿਛਲੇ ਸਾਲ ਐਡਵਾਂਸਡ ਇਨਡੋਰ ਪੇਸ਼ੈਂਟ ਡਿਪਾਰਟਮੈਂਟ ਸੇਵਾਵਾਂ ਸ਼ੁਰੂ ਕੀਤੀਆਂ ਗਈਆਂ ਸਨ, ਦੇ ਅੰਦਰ ਸਥਾਪਿਤ ਕੀਤੇ ਜਾ ਰਹੇ ਹਨ। ਇਹ ਵੈਟਰਨਰੀ ਪੌਲੀਕਲੀਨਿਕ ਸੂਬੇ ਭਰ ਵਿੱਚ ਮਜ਼ਬੂਤ ਸੰਸਥਾਗਤ ਅਤੇ ਮਲਟੀ-ਸਪੈਸ਼ਲਟੀ ਪਸ਼ੂ ਸਿਹਤ ਸੰਭਾਲ ਪ੍ਰਣਾਲੀਆਂ ਸਥਾਪਤ ਕਰਨ ਵੱਲ ਪੰਜਾਬ ਸਰਕਾਰ ਦੇ ਵਿਸ਼ੇਸ਼ ਧਿਆਨ ਨੂੰ ਦਰਸਾਉਂਦੇ ਹਨ।ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਸਾਡੇ ਕਿਸਾਨ ਪੰਜਾਬ ਦੀ ਖੁਸ਼ਹਾਲੀ ਦੀ ਰੀੜ੍ਹ ਦੀ ਹੱਡੀ ਹਨ ਅਤੇ ਉਨ੍ਹਾਂ ਦੇ ਪਸ਼ੂਆਂ ਦੀ ਸਿਹਤ ਸਿੱਧੇ ਤੌਰ 'ਤੇ ਉਨ੍ਹਾਂ ਦੀ ਆਮਦਨ ਅਤੇ ਭਲਾਈ ਨਾਲ ਜੁੜੀ ਹੋਈ ਹੈ। ਉਨ੍ਹਾਂ ਕਿਹਾ ਕਿ ਬਲੂ ਕਰਾਸ ਸਟੋਰ ਗੁਣਵੱਤਾ ਵਾਲੀਆਂ ਪਸ਼ੂ ਸਿਹਤ ਸੰਭਾਲ ਸੇਵਾਵਾਂ ਨੂੰ ਕਿਫਾਇਤੀ ਅਤੇ ਪਹੁੰਚਯੋਗ ਬਣਾ ਕੇ ਪਸ਼ੂਧਨ ਦੀ ਸਿਹਤ ਅਤੇ ਕਿਸਾਨਾਂ ਦੀ ਖੁਸ਼ਹਾਲੀ ਵੱਲ ਇੱਕ ਮਹੱਤਵਪੂਰਨ ਕਦਮ ਹਨ।

ਉਨ੍ਹਾਂ ਕਿਹਾ ਕਿ ਇਹ ਪਹਿਲਕਦਮੀ ਪਸ਼ੂ ਪਾਲਕਾਂ ਨੂੰ ਕਿਫਾਇਤੀ ਦਰਾਂ 'ਤੇ ਦਵਾਈਆਂ ਪ੍ਰਦਾਨ ਕਰਦਿਆਂ ਰੋਕਥਾਮ ਦੇਖਭਾਲ ਨੂੰ ਉਤਸ਼ਾਹਿਤ ਕਰਕੇ ਕਿਸਾਨਾਂ ਦਾ ਪੈਸਾ ਬਚਾਉਣ ਵਿੱਚ ਵਧੇਰੇ ਉਸਾਰੂ ਸਾਬਤ ਹੋਵੇਗੀ।

ਪਸ਼ੂ ਪਾਲਣ ਮੰਤਰੀ ਨੇ ਕਿਹਾ ਕਿ ਪੌਲੀਕਲੀਨਿਕਾਂ ਦੇ ਅੰਦਰ ਗੁਣਵੱਤਾ ਵਾਲੀਆਂ ਦਵਾਈਆਂ ਤੱਕ ਕਿਸਾਨਾਂ ਦੀ ਸਿੱਧੀ ਪਹੁੰਚ ਯਕੀਨੀ ਬਣਾਉਣ ਨਾਲ ਉਨ੍ਹਾਂ ਦੇ ਸਮੇਂ ਦੀ ਵੀ ਬੱਚਤ ਹੋਵੇਗੀ।

ਇਸਦੇ ਨਾਲ ਹੀ ਮੌਜੂਦਾ ਆਈਪੀਡੀ ਸਹੂਲਤਾਂ ਨਾਲ ਫਾਰਮੇਸੀ ਸੇਵਾਵਾਂ ਦਾ ਏਕੀਕਰਨ ਡਾਇਗਨੌਸਿਸ ਤੋਂ ਲੈ ਕੇ ਰਿਕਵਰੀ ਤੱਕ ਪਸ਼ੂਧਨ ਦੇਖਭਾਲ ਨੂੰ ਵਧੇਰੇ ਕੁਸ਼ਲ ਅਤੇ ਸੁਚਾਰੂ ਬਣਾਏਗਾ। ਉਨ੍ਹਾਂ ਕਿਹਾ ਕਿ ਪਸ਼ੂਧਨ ਦੀ ਤੰਦਰੁਸਤੀ ਉਤਪਾਦਕਤਾ ਵਿੱਚ ਵਾਧਾ ਕਰੇਗੀ, ਜਿਸ ਨਾਲ ਡੇਅਰੀ ਅਤੇ ਸਹਾਇਕ ਪੇਂਡੂ ਅਰਥਚਾਰੇ ਨੂੰ ਵੱਡੀ ਮਜ਼ਬੂਤੀ ਮਿਲੇਗੀ।ਇਸ ਪਹਿਲਕਦਮੀ ਪਿੱਛੇ ਦੀ ਪ੍ਰਸ਼ਾਸਕੀ ਵਚਨਬੱਧਤਾ ਨੂੰ ਉਜਾਗਰ ਕਰਦਿਆਂ




ਪੰਜਾਬ ਦੇ ਪਸ਼ੂ ਪਾਲਣ ਵਿਭਾਗ ਦੇ ਪ੍ਰਮੁੱਖ ਸਕੱਤਰ ਰਾਹੁਲ ਭੰਡਾਰੀ ਨੇ ਕਿਹਾ ਕਿ ਰਾਜ ਸਰਕਾਰ ਖੇਤੀਬਾੜੀ ਪ੍ਰਣਾਲੀ ਦੀ ਮਜ਼ਬੂਤੀ ਅਤੇ ਪਸ਼ੂ ਪਾਲਣ ਵੈਲਿਊ ਚੇਨ ਵਿੱਚ ਹਰੇਕ ਹਿੱਸੇਦਾਰ ਦੀ ਭਲਾਈ ਨੂੰ ਯਕੀਨੀ ਬਣਾਉਣ 'ਤੇ ਧਿਆਨ ਕੇਂਦ੍ਰਿਤ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਪਹਿਲਕਦਮੀਆਂ ਪਸ਼ੂਧਨ ਭਲਾਈ ਅਤੇ ਪੇਂਡੂ ਆਰਥਿਕਤਾ ਦੀ ਖੁਸ਼ਹਾਲੀ ਵਿੱਚ ਪੰਜਾਬ ਨੂੰ ਮੋਹਰੀ ਰਾਜ ਵਜੋਂ ਹੋਰ ਮਜ਼ਬੂਤ ਕਰਨਗੀਆਂ।

# ਨਸ਼ੇ ਦੇ ਟਿਕਾਣੇ ਦੱਸ ਕੇ ਨਸ਼ਾ ਤਸਕਰਾਂ ਨੂੰ ਪ੍ਰਮੋਟ ਕਰ ਰਹੇ ਹਨ ਸੰਸਦ ਮੈਂਬਰ ਚਰਨਜੀਤ ਚੰਨੀ: ਬਲਤੇਜ ਪੰਨੂ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਸਟੇਟ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਸਾਬਕਾ ਮੁੱਖ ਮੰਤਰੀ ਅਤੇ ਕਾਂਗਰਸ ਦੇ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ 'ਤੇ ਹਮਲਾ ਬੋਲਦਿਆਂ ਕਿਹਾ ਕਿ ਸੋਸ਼ਲ ਮੀਡੀਆ 'ਤੇ ਵੀਡੀਓ ਜਾਰੀ ਕਰਕੇ ਚਿੱਟੇ (ਨਸ਼ੇ) ਦੇ ਟਿਕਾਣੇ ਦੱਸਣਾ ਇੱਕ ਸੰਸਦ ਮੈਂਬਰ ਦੀ ਬੇਹੱਦ ਘਟੀਆ ਅਤੇ ਗੈਰ-ਜ਼ਿੰਮੇਵਾਰਾਨਾ ਹਰਕਤ ਹੈ। ਇੱਕ ਜ਼ਿੰਮੇਵਾਰ ਅਹੁਦੇ 'ਤੇ ਬੈਠੇ ਵਿਅਕਤੀ ਨੂੰ ਨਸ਼ਾ ਰੋਕਣ ਦੀ ਬਜਾਏ ਨਸ਼ਾ ਵਿਕਣ ਵਾਲੀਆਂ ਥਾਵਾਂ ਨੂੰ ਪ੍ਰਮੋਟ ਕਰਨਾ ਸ਼ੋਭਾ ਨਹੀਂ ਦਿੰਦਾ।ਪੰਨੂ ਨੇ ਕਿਹਾ ਕਿ ਚਾਹੇ 10 ਸਾਲਾਂ ਦਾ ਅਕਾਲੀ-ਭਾਜਪਾ ਰਾਜ ਰਿਹਾ ਹੋਵੇ ਜਾਂ ਉਸ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਅਤੇ ਖੁਦ ਚੰਨੀ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ, ਇਨ੍ਹਾਂ ਸਾਰਿਆਂ ਨੇ ਪੰਜਾਬ ਵਿੱਚ ਨਸ਼ੇ ਨੂੰ ਫਲਣ-ਫੁੱਲਣ ਦਿੱਤਾ ਅਤੇ ਇਸ ਨੂੰ ਰੋਕਣ ਲਈ ਕਦੇ ਵੀ ਕੋਈ ਠੋਸ ਕਦਮ ਨਹੀਂ ਚੁੱਕੇ।

ਅੱਜ ਜਦੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਸਮੂਹ ਸੂਬਾ ਵਾਸੀਆਂ ਨੂੰ ਨਾਲ ਲੈ ਕੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਚਲਾ ਰਹੀ ਹੈ, ਜਿਸ ਨੇ ਨਸ਼ਾ ਤਸਕਰਾਂ ਵਿੱਚ ਖੌਫ ਪੈਦਾ ਕਰ ਦਿੱਤਾ ਹੈ, ਉਦੋਂ ਚੰਨੀ ਵਰਗੇ ਨੇਤਾ ਵੀਡੀਓ ਪਾ ਕੇ ਇਹ ਦੱਸ ਰਹੇ ਹਨ ਕਿ ਚਿੱਟਾ ਕਿੱਥੇ ਉਪਲਬਧ ਹੈ।

ਇਹ ਸਿੱਧੇ ਤੌਰ 'ਤੇ ਸਰਕਾਰ ਦੀ ਨਸ਼ਾ ਵਿਰੋਧੀ ਮੁਹਿੰਮ ਨੂੰ ਤਾਰਪੀਡੋ ਕਰਨ ਅਤੇ ਨਸ਼ੇ ਦੇ ਸੌਦਾਗਰਾਂ ਦੀ ਮਦਦ ਕਰਨ ਦੀ ਇੱਕ ਸੋਚੀ-ਸਮਝੀ ਸਾਜ਼ਿਸ਼ ਹੈ।

ਬਲਤੇਜ ਪੰਨੂ ਨੇ ਅੱਗੇ ਕਿਹਾ ਕਿ ਇੱਕ ਜ਼ਿੰਮੇਵਾਰ ਜਨਪ੍ਰਤੀਨਿਧ ਦਾ ਕੰਮ ਪੁਲਿਸ ਨੂੰ ਜਾਣਕਾਰੀ ਦੇ ਕੇ ਨਸ਼ੇ ਨੂੰ ਰੁਕਵਾਉਣਾ ਹੁੰਦਾ ਹੈ, ਨਾ ਕਿ ਵੀਡੀਓ ਰਾਹੀਂ ਨਸ਼ੇ ਦੇ ਟਿਕਾਣਿਆਂ ਦਾ ਪ੍ਰਚਾਰ ਕਰਨਾ। ਉਨ੍ਹਾਂ ਸਵਾਲ ਚੁੱਕਿਆ ਕਿ ਕੀ ਚੰਨੀ ਹੁਣ ਨਸ਼ਾ ਵੇਚਣ ਵਾਲਿਆਂ ਦੇ ਬ੍ਰਾਂਡ ਅੰਬੈਸਡਰ ਵਜੋਂ ਕੰਮ ਕਰ ਰਹੇ ਹਨ?

ਪੰਨੂ ਨੇ ਕਿਹਾ ਕਿ ਪੰਜਾਬ ਦੀ ਜਨਤਾ ਦੇਖ ਰਹੀ ਹੈ ਕਿ ਕਿਵੇਂ ਕਾਂਗਰਸ ਦੇ ਨੇਤਾ ਨਸ਼ੇ ਵਿਰੁੱਧ ਜੰਗ ਵਿੱਚ ਸਾਥ ਦੇਣ ਦੀ ਬਜਾਏ ਰੁਕਾਵਟਾਂ ਪੈਦਾ ਕਰ ਰਹੇ ਹਨ। ਉਨ੍ਹਾਂ ਕਾਂਗਰਸ ਪਾਰਟੀ ਅਤੇ ਉਸ ਦੇ ਨੇਤਾਵਾਂ ਤੋਂ ਸਪੱਸ਼ਟੀਕਰਨ ਮੰਗਦਿਆਂ ਪੁੱਛਿਆ ਕਿ ਉਹ ਦੱਸਣ ਕਿ ਉਨ੍ਹਾਂ ਦੀ ਪਾਰਟੀ ਸਰਕਾਰ ਦੀ ਨਸ਼ਾ ਵਿਰੋਧੀ ਮੁਹਿੰਮ ਦੇ ਨਾਲ ਖੜ੍ਹੀ ਹੈ ਜਾਂ ਨਸ਼ਾ ਵੇਚਣ ਵਾਲਿਆਂ ਦੇ ਨਾਲ?ਪੰਨੂ ਨੇ ਚੇਤਾਵਨੀ ਦਿੱਤੀ ਕਿ ਅਜਿਹੀ ਘਟੀਆ ਰਾਜਨੀਤੀ ਨਾਲ 'ਆਪ' ਸਰਕਾਰ ਦਾ ਨਸ਼ਾ ਮੁਕਤੀ ਦਾ ਸੰਕਲਪ ਕਮਜ਼ੋਰ ਨਹੀਂ ਹੋਵੇਗਾ। ਸਰਕਾਰ ਨਸ਼ੇ ਦੇ ਖਾਤਮੇ ਤੱਕ ਆਪਣੀ ਜੰਗ ਜਾਰੀ ਰੱਖੇਗੀ।

# RESIDENTIAL, COMMERCIAL AND SOLAR FARMS

with Singhsloar High performance Bifacial Smart Panels

ਅਮਰੀਕਾ ਦੇ ਕਿਸੇ ਵੀ ਹਿੱਸੇ ਆਪਣੇ ਘਰ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ

100% CUSTOMER SATISFACTION GUARANTEED

SINGH SOLAR



## ਬਿਜਲੀ ਦੇ ਬਿੱਲ ਤੋਂ ਹਮੇਸ਼ਾ ਲਈ ਛੁਟਕਾਰਾ

**ਸਿਰ.ਫ ਇਕ ਕਾਲ - ਵੱਡੀ ਬੱਚਤ**

# 510-706-1300

singhsolarusa@gmail.com

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ




e-Baba Entertainment App ਨੂੰ Download ਕਰੋ।

ਹੁਣ ਕਿਸੇ ਵੀ Company ਦੇ ਬਣੇ Android TV 'ਚ **eBaba App** ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ **eBaba** ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also **eBaba** Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

**ਸੈਕਰਾਮੈਂਟੋ, ਕੈਲੀਫੋਰਨੀਆ**

**AUTO • HOME • TRUCK • BUSINESS • LIFE • MEDICAL**

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਲਗਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**

6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us




Capital DRUG TESTING

# CAPITAL DRUG TESTING

## Drug and Alcohol Test

## DOT / NON DOT

**PRE EMPLOYMENT - RANDOM**
**POST ACCIDENT - REASONABLE SUSPICION**

**Services: DOT Random Prog., FMCSA Clearinghouse, DOT Supervisor Training, SAP Classes Etc.**

**Lab. Ph:(916) 680-9293**

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



# ਜ਼ਿੰਦਗੀ ਭਰ ਨਾਲ ਰਹਿਣਾ ਕਿਤਾਬਾਂ ਹਨ ਅਨਮੋਲ ਗਹਿਣਾ

ਮਨੁੱਖ ਦੇ ਜੀਵਨ ਵਿੱਚ ਜਿਹੜੀਆਂ ਚੀਜ਼ਾਂ ਸਦਾ ਨਾਲ ਰਹਿੰਦੀਆਂ ਹਨ, ਉਹਨਾਂ ਵਿੱਚ ਕਿਤਾਬਾਂ ਦਾ ਸਥਾਨ ਸਭ ਤੋਂ ਉੱਚਾ ਹੈ। ਕਿਤਾਬਾਂ ਸਿਰਫ਼ ਕਾਗ਼ਜ਼ ਦੇ ਸਫ਼ੇ ਨਹੀਂ ਹੁੰਦੀਆਂ, ਇਹ ਵਿਚਾਰਾਂ ਦੀ ਦੌਲਤ, ਤਜਰਬਿਆਂ ਦੀ ਵਿਰਾਸਤ ਅਤੇ ਮਨੁੱਖੀ ਬੁੱਧੀ ਦਾ ਖਜ਼ਾਨਾ ਹੁੰਦੀਆਂ ਹਨ। ਜਿਵੇਂ ਅਨਮੋਲ ਗਹਿਣੇ ਮਨੁੱਖ ਦੀ ਸਜਾਵਟ ਨੂੰ ਨਿਖਾਰਦੇ ਹਨ, ਉਸੇ ਤਰ੍ਹਾਂ ਕਿਤਾਬਾਂ ਮਨ ਅਤੇ ਆਤਮਾ ਨੂੰ ਸੰਵਾਰਦੀਆਂ ਹਨ।

ਕਿਤਾਬਾਂ ਮਨੁੱਖ ਦੀ ਸਭ ਤੋਂ ਸੱਚੀ ਸਾਥੀ ਹੁੰਦੀਆਂ ਹਨ। ਦੁੱਖ ਵਿੱਚ ਇਹ ਸਹਾਰਾ ਦਿੰਦੀਆਂ ਹਨ, ਉਲਝਣ ਵਿੱਚ ਰਾਹ ਦਿਖਾਉਂਦੀਆਂ ਹਨ ਅਤੇ ਖੁਸ਼ੀ ਦੇ ਪਲਾਂ ਨੂੰ ਹੋਰ ਵੀ ਗਹਿਰਾ ਕਰ ਦਿੰਦੀਆਂ ਹਨ। ਜਦੋਂ ਜੀਵਨ ਵਿੱਚ ਕੋਈ ਨਹੀਂ ਸਮਝਦਾ, ਕਿਤਾਬ ਚੁੱਪਚਾਪ ਬੈਠ ਕੇ ਸਾਡੀ ਸੁਣ ਲੈਂਦੀ ਹੈ। ਇਹ ਸਾਨੂੰ ਇਕੱਲਾਪੇ ਤੋਂ ਬਚਾ ਕੇ ਵਿਚਾਰਾਂ ਦੀ ਰੌਸ਼ਨੀ ਵੱਲ ਲੈ ਜਾਂਦੀ ਹੈ।

ਜ਼ਿੰਦਗੀ ਦੇ ਹਰ ਪੜਾਅ 'ਤੇ ਕਿਤਾਬਾਂ ਦੀ ਅਹਿਮੀਅਤ ਵੱਖ-ਵੱਖ ਰੂਪਾਂ ਵਿੱਚ ਸਾਹਮਣੇ ਆਉਂਦੀ ਹੈ। ਬਚਪਨ ਵਿੱਚ ਇਹ ਕਲਪਨਾ ਨੂੰ ਪੰਖ ਲਗਾਉਂਦੀਆਂ ਹਨ, ਜਵਾਨੀ ਵਿੱਚ ਸੋਚ ਨੂੰ ਦਿਸ਼ਾ ਦਿੰਦੀਆਂ ਹਨ ਅਤੇ ਬੁੱਢਾਪੇ ਵਿੱਚ ਤਜਰਬੇ ਨੂੰ ਗਹਿਰਾਈ ਦਿੰਦੀਆਂ ਹਨ। ਕਿਤਾਬਾਂ ਸਾਨੂੰ ਸਿਰਫ਼ ਗਿਆਨ ਨਹੀਂ ਦਿੰਦੀਆਂ, ਸਗੋਂ ਮਨੁੱਖਤਾ, ਸੰਵੇਦਨਸ਼ੀਲਤਾ ਅਤੇ ਨੈਤਿਕਤਾ ਵੀ ਸਿਖਾਉਂਦੀਆਂ ਹਨ।

ਅੱਜ ਦੇ ਡਿਜ਼ਿਟਲ ਯੁੱਗ ਵਿੱਚ, ਜਦੋਂ ਧਿਆਨ ਭਟਕਣਾ ਆਸਾਨ ਹੋ ਗਿਆ ਹੈ, ਕਿਤਾਬਾਂ ਦੀ ਕਦਰ ਹੋਰ ਵੀ ਵੱਧ ਜਾਂਦੀ ਹੈ। ਕਿਤਾਬ ਪੜ੍ਹਨਾ ਮਨ ਨੂੰ ਠਹਿਰਾਅ ਦਿੰਦਾ ਹੈ, ਧੀਰਜ ਸਿਖਾਉਂਦਾ ਹੈ ਅਤੇ ਗਹਿਰੀ ਸੋਚ ਦੀ ਆਦਤ ਪੈਦਾ ਕਰਦਾ ਹੈ। ਇਹ ਇੱਕ ਅਜਿਹਾ ਗਹਿਣਾ ਹੈ ਜੋ ਕਦੇ ਪੁਰਾਣਾ ਨਹੀਂ ਹੁੰਦਾ, ਨਾ ਹੀ ਆਪਣੀ ਚਮਕ ਗੁਆਉਂਦਾ ਹੈ।

ਮਨੁੱਖੀ ਜੀਵਨ ਵਿੱਚ ਰਿਸ਼ਤੇ ਆਉਂਦੇ-ਜਾਂਦੇ ਰਹਿੰਦੇ ਹਨ, ਪਰ ਇੱਕ ਅਜਿਹਾ ਸਾਥੀ ਜੋ ਕਦੇ ਪਿੱਠ ਨਹੀਂ ਮੋੜਦਾ, ਉਹ ਹੈ ਕਿਤਾਬਾਂ। ਜਿਸ ਤਰ੍ਹਾਂ ਗਹਿਣੇ ਇਨਸਾਨ ਦੀ ਬਾਹਰੀ ਸੁੰਦਰਤਾ ਨੂੰ ਵਧਾਉਂਦੇ ਹਨ, ਉਸੇ ਤਰ੍ਹਾਂ ਕਿਤਾਬਾਂ ਮਨੁੱਖ ਦੀ ਆਤਮਾ ਅਤੇ ਸ਼ਖ਼ਸੀਅਤ ਨੂੰ ਚਾਰ ਚੰਨ ਲਗਾਉਂਦੀਆਂ ਹਨ। ਇਸੇ ਲਈ ਕਿਹਾ ਜਾਂਦਾ ਹੈ ਕਿ ਕਿਤਾਬਾਂ ਇੱਕ ਅਜਿਹਾ ਅਨਮੋਲ ਗਹਿਣਾ ਹਨ, ਜਿਨ੍ਹਾਂ ਦੀ ਚਮਕ ਸਮੇਂ ਦੇ ਨਾਲ ਕਦੇ ਫਿੱਕੀ ਨਹੀਂ ਪੈਂਦੀ।

ਗਿਆਨ ਦਾ ਅਮੁੱਕ ਖਜ਼ਾਨਾ

ਕਿਤਾਬਾਂ ਗਿਆਨ ਦਾ ਉਹ ਸਮੁੰਦਰ ਹਨ, ਜਿਸ ਵਿੱਚ ਜਿੰਨੀ ਡੂੰਘਾਈ ਨਾਲ ਉਤਰੋਗੇ, ਉੱਨੇ ਹੀ ਕੀਮਤੀ ਮੋਤੀ ਮਿਲਣਗੇ। ਭਾਵੇਂ ਉਹ ਇਤਿਹਾਸ ਹੋਵੇ, ਵਿਗਿਆਨ ਹੋਵੇ ਜਾਂ ਸਾਹਿਤ, ਕਿਤਾਬਾਂ ਸਾਨੂੰ ਘਰ ਬੈਠੇ ਹੀ ਦੁਨੀਆ ਭਰ ਦੀ ਸੈਰ ਕਰਵਾ ਦਿੰਦੀਆਂ ਹਨ। ਇਹ ਸਾਨੂੰ ਪੁਰਾਣੇ ਸਮੇਂ ਦੇ ਤਜ਼ਰਬਿਆਂ ਨਾਲ ਜੋੜਦੀਆਂ ਹਨ ਅਤੇ ਭਵਿੱਖ ਲਈ ਤਿਆਰ ਕਰਦੀਆਂ ਹਨ।

ਸਭ ਤੋਂ ਵਫ਼ਾਦਾਰ ਦੋਸਤ

ਦੋਸਤ ਬਦਲ ਸਕਦੇ ਹਨ, ਪਰ ਕਿਤਾਬਾਂ ਹਮੇਸ਼ਾ ਇੱਕੋ ਜਿਹੀਆਂ ਰਹਿੰਦੀਆਂ ਹਨ। ਜਦੋਂ ਤੁਸੀਂ ਇਕੱਲੇ ਹੁੰਦੇ ਹੋ, ਤਾਂ ਇਹ ਤੁਹਾਡਾ ਸਾਥ ਦਿੰਦੀਆਂ ਹਨ। ਜਦੋਂ ਤੁਸੀਂ ਨਿਰਾਸ਼ ਹੁੰਦੇ ਹੋ, ਤਾਂ ਇਹ ਪ੍ਰੇਰਨਾ ਬਣ ਕੇ ਰਾਹ ਦਿਖਾਉਂਦੀਆਂ ਹਨ। ਕਿਤਾਬਾਂ ਕਦੇ ਕੋਈ ਸ਼ਿਕਾਇਤ ਨਹੀਂ ਕਰਦੀਆਂ, ਬਲਕਿ ਹਰ ਮੋੜ 'ਤੇ ਮਨੁੱਖ ਦਾ ਮਾਰਗਦਰਸ਼ਨ ਕਰਦੀਆਂ ਹਨ।

ਚਰਿੱਤਰ ਨਿਰਮਾਣ ਵਿੱਚ ਸਹਾਈ

ਇੱਕ ਚੰਗੀ ਕਿਤਾਬ ਸੌ ਚੰਗੇ ਦੋਸਤਾਂ ਦੇ ਬਰਾਬਰ ਹੁੰਦੀ ਹੈ। ਇਹ ਸਾਡੇ ਵਿਚਾਰਾਂ ਨੂੰ ਸ਼ੁੱਧ ਕਰਦੀਆਂ ਹਨ ਅਤੇ ਸਾਨੂੰ ਚੰਗੇ-ਮਾੜੇ ਵਿੱਚ ਫਰਕ ਕਰਨਾ ਸਿਖਾਉਂਦੀਆਂ ਹਨ। ਮਹਾਨ ਸ਼ਖਸੀਅਤਾਂ ਜਿਵੇਂ ਮਹਾਤਮਾ ਗਾਂਧੀ, ਡਾ. ਬੀ.ਆਰ. ਅੰਬੇਦਕਰ ਅਤੇ ਭਗਤ ਸਿੰਘ ਦੇ ਜੀਵਨ ਨੂੰ ਘੜਨ ਵਿੱਚ ਕਿਤਾਬਾਂ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ।

ਸੱਚਮੁੱਚ, ਜੋ ਮਨੁੱਖ ਕਿਤਾਬਾਂ ਨਾਲ ਦੋਸਤੀ ਕਰ ਲੈਂਦਾ ਹੈ, ਉਹ ਜੀਵਨ ਵਿੱਚ ਕਦੇ ਗਰੀਬ ਨਹੀਂ ਰਹਿੰਦਾ। ਦੌਲਤ ਘਟ ਸਕਦੀ ਹੈ, ਸਾਥ ਛੁੱਟ ਸਕਦੇ ਹਨ, ਪਰ ਕਿਤਾਬਾਂ ਦੀ ਪ੍ਰਾਪਤੀ ਸਦਾ ਨਾਲ ਰਹਿੰਦੀ ਹੈ। ਇਸ ਲਈ ਕਹਿਣਾ ਬਿਲਕੁਲ ਠੀਕ ਹੈ ਕਿ ਜ਼ਿੰਦਗੀ ਭਰ ਨਾਲ ਰਹਿਣਾ ਕਿਤਾਬਾਂ ਹਨ ਅਨਮੋਲ ਗਹਿਣਾ, ਜੋ ਮਨੁੱਖ ਨੂੰ ਅੰਦਰੋਂ ਅਮੀਰ ਬਣਾਉਂਦੀਆਂ ਹਨ।



SANJHI SOCH
ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ

# ਬਿਨਾਂ ਡਾਈਟ ਮੈਦਾਨ ਵਿੱਚ ਅਭਿਆਸ ਕਰਨ ਲਈ ਮਜਬੂਰ ਹਰਿਆਣਾ ਦੇ 37000 ਖਿਡਾਰੀ

## ਨਾਇਬ ਸਰਕਾਰ ਨੇ ਇੱਕ ਸਾਲ ਤੋਂ ਨਹੀਂ ਦਿੱਤਾ ਡਾਈਟ ਭੱਤਾ- ਅਨੁਰਾਗ ਢਾਂਡਾ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਆਮ ਆਦਮੀ ਪਾਰਟੀ ਦੇ ਕੌਮੀ ਮੀਡੀਆ ਇੰਚਾਰਜ ਅਨੁਰਾਗ ਢਾਂਡਾ ਨੇ ਚੰਡੀਗੜ੍ਹ ਪ੍ਰੈੱਸ ਕਲੱਬ ਵਿੱਚ ਪ੍ਰੈੱਸ ਕਾਨਫਰੰਸ ਰਾਹੀਂ ਹਰਿਆਣਾ ਦੀ ਭਾਜਪਾ ਸਰਕਾਰ ਨੂੰ ਜੰਮ ਕੇ ਘੇਰਿਆ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਲੋਕ ਵਿਰੋਧੀ ਨੀਤੀ ਅਤੇ ਨੀਅਤ ਨੇ ਦੇਸ਼ ਨੂੰ ਮੈਡਲ ਦਿਵਾਉਣ ਵਾਲੇ ਖਿਡਾਰੀਆਂ ਨੂੰ ਅੱਜ ਆਪਣੇ ਹੱਕ, ਸਨਮਾਨ ਅਤੇ ਬੁਨਿਆਦੀ ਸਹੂਲਤਾਂ ਲਈ ਤਰਸਣ ਵਾਸਤੇ ਮਜਬੂਰ ਕਰ ਦਿੱਤਾ ਹੈ।ਉਨ੍ਹਾਂ ਕਿਹਾ ਕਿ ਹਰਿਆਣਾ ਹਮੇਸ਼ਾ ਤੋਂ ਖੇਡਾਂ ਦੀ ਧਰਤੀ ਰਿਹਾ ਹੈ। ਓਲੰਪਿਕ, ਕਾਮਨਵੈਲਥ ਅਤੇ ਏਸ਼ੀਅਨ ਗੇਮਜ਼ ਵਿੱਚ ਦੇਸ਼ ਦਾ ਤਿਰੰਗਾ ਉੱਚਾ ਕਰਨ ਵਾਲੇ ਜ਼ਿਆਦਾਤਰ ਖਿਡਾਰੀ ਇਸੇ ਮਿੱਟੀ ਵਿੱਚੋਂ ਨਿਕਲੇ ਹਨ। ਪਰ ਅੱਜ ਉਹੀ ਖਿਡਾਰੀ ਪੁੱਛ ਰਹੇ ਹਨ ਕਿ ਕੀ ਮਿਹਨਤ ਅਤੇ ਮੈਡਲ ਦੀ ਕੀਮਤ ਸਿਰਫ ਚੋਣ ਮੰਚਾਂ 'ਤੇ ਤਾਲੀਆਂ ਬਟੋਰਨ ਤੱਕ ਸੀਮਤ ਹੈ? ਕੀ ਖਿਡਾਰੀ ਸਿਰਫ ਪੋਸਟਰਾਂ ਅਤੇ ਭਾਸ਼ਣਾਂ ਲਈ ਰਹਿ ਗਏ ਹਨ?ਅਨੁਰਾਗ ਢਾਂਡਾ ਨੇ ਪ੍ਰੈੱਸ ਕਾਨਫਰੰਸ ਦੌਰਾਨ ਇੱਕ ਪੋਸਟਰ ਜਾਰੀ ਕਰਕੇ ਹਰਿਆਣਾ ਦੇ ਸੀਐਮ ਨਾਇਬ ਸਿੰਘ ਨੂੰ 'ਜਸਟ ਚਿਲ ਸੀਐਮ' ਦੱਸਿਆ ਹੈ। ਉਨ੍ਹਾਂ ਨੇ ਸੀਐਮ ਨਾਇਬ ਸਿੰਘ ਨੂੰ ਆਨ ਰਿਕਾਰਡ ਝੂਠ ਬੋਲਣ ਵਿੱਚ 'ਪੀਐਚਡੀ' ਤੱਕ ਕਰਾਰ ਦੇ ਦਿੱਤਾ। ਹਰਿਆਣਾ ਦੇ ਸੀਐਮ ਨਾਇਬ ਸਿੰਘ ਨੇ ਝੂਠ ਬੋਲਣ ਵਿੱਚ ਪੀਐਚਡੀ ਕਰ ਲਈ ਹੈ ਅਤੇ ਉਹ ਨਵੀਂ ਨੀਤੀ 'ਅੱਗੇ ਦੌੜ ਪਿੱਛੇ ਚੌੜ' (ਅੱਗੇ ਦੌੜ ਪਿੱਛੇ ਛੋੜ) 'ਤੇ ਕੰਮ ਕਰ ਰਹੇ ਹਨ। ਹਰਿਆਣਾ ਵਿੱਚ ਖਸਤਾਹਾਲ ਖੇਡ ਮੈਦਾਨਾਂ ਕਾਰਨ ਖਿਡਾਰੀ ਆਪਣੀਆਂ ਜਾਨਾਂ ਗੁਆ ਰਹੇ ਸਨ ਅਤੇ ਹੁਣ ਨਾਇਬ ਸਿੰਘ ਸਰਕਾਰ ਖਿਡਾਰੀਆਂ ਨੂੰ ਭੁੱਖੇ ਮਾਰਨ ਦੀਆਂ ਕੋਸ਼ਿਸ਼ਾਂ ਵਿੱਚ ਜੁਟੀ ਹੋਈ ਹੈ। ਅਨੁਰਾਗ ਢਾਂਡਾ ਨੇ ਮੁੱਖ ਮੰਤਰੀ ਨੂੰ ਸਿੱਧਾ ਸਵਾਲ ਕਰਦਿਆਂ ਕਿਹਾ ਕਿ ਹਰਿਆਣਾ ਦੇ ਖਿਡਾਰੀ ਸਾਰਾ ਦਿਨ ਮੈਦਾਨ ਵਿੱਚ ਆਪਣਾ ਖੂਨ-ਪਸੀਨਾ ਵਹਾਉਂਦੇ ਹਨ ਅਤੇ ਆਪਣੇ ਮਾਪਿਆਂ ਦੀ ਖੂਨ-ਪਸੀਨੇ ਦੀ ਕਮਾਈ ਨਾਲ ਓਲੰਪਿਕ ਮੈਡਲ ਜਿੱਤ ਕੇ ਆਉਂਦੇ ਹਨ, ਉਹ ਖਿਡਾਰੀ ਹਰਿਆਣਾ ਦੇ ਖਸਤਾਹਾਲ ਮੈਦਾਨਾਂ ਵਿੱਚ ਪੋਲ (ਖੰਭੇ) ਡਿੱਗਣ ਕਾਰਨ ਮਾਰੇ ਗਏ। ਕੀ ਇਹ ਘੱਟ ਸੀ ਜੋ ਹੁਣ ਤੁਸੀਂ 37,000 ਖਿਡਾਰੀਆਂ ਦੀ ਡਾਈਟ ਦਾ ਪੈਸਾ ਰੋਕ ਦਿੱਤਾ?ਅਨੁਰਾਗ ਢਾਂਡਾ ਨੇ ਕਿਹਾ ਕਿ ਖੇਡ ਨਰਸਰੀਆਂ ਦਾ ਮਕਸਦ ਸੀ ਕਿ ਹੇਠਲੇ ਪੱਧਰ ਦੇ ਖਿਡਾਰੀ ਚੰਗੀ ਸਿਖਲਾਈ ਅਤੇ ਡਾਈਟ ਲੈ ਕੇ ਰਾਸ਼ਟਰੀ-ਅੰਤਰਰਾਸ਼ਟਰੀ ਪੱਧਰ 'ਤੇ ਮੁਕਾਬਲਾ ਕਰ ਸਕਣ, ਪਰ ਸੂਬੇ ਦੀਆਂ 1500 ਖੇਡ ਨਰਸਰੀਆਂ ਵਿੱਚ 37,000 ਖਿਡਾਰੀਆਂ ਨੂੰ ਪਿਛਲੇ 10 ਮਹੀਨਿਆਂ ਤੋਂ ਡਾਈਟ ਦਾ ਪੈਸਾ ਤੱਕ ਨਹੀਂ ਮਿਲਿਆ। ਇਨ੍ਹਾਂ ਨਰਸਰੀਆਂ ਵਿੱਚ ਸਿਖਲਾਈ ਦੇਣ ਵਾਲੇ ਕੋਚਾਂ ਨੂੰ ਵੀ 10 ਮਹੀਨਿਆਂ ਤੋਂ ਤਨਖਾਹ ਨਹੀਂ ਮਿਲੀ। ਖਿਡਾਰੀ ਡਾਈਟ ਦਾ ਇੰਤਜ਼ਾਮ ਕਰੇ ਜਾਂ ਖੇਡ ਦੀ ਤਿਆਰੀ ਕਰੇ?ਅਨੁਰਾਗ ਢਾਂਡਾ ਨੇ ਸਵਾਲ ਉਠਾਉਂਦਿਆਂ ਕਿਹਾ ਕਿ ਨਾਇਬ ਸਰਕਾਰ ਸਾਲ ਵਿੱਚ 2 ਮਹੀਨਿਆਂ ਲਈ ਨਰਸਰੀਆਂ ਨੂੰ ਬੰਦ ਕਰ ਰਹੀ ਹੈ। ਸੀਐਮ ਨਾਇਬ ਸਿੰਘ ਦੱਸਣ ਕਿ ਕੀ ਕੋਈ ਖਿਡਾਰੀ 2 ਮਹੀਨੇ ਦੀ ਛੁੱਟੀ ਕੱਟ ਕੇ ਇੰਟਰਨੈਸ਼ਨਲ ਮੈਡਲ ਦੀ ਤਿਆਰੀ ਕਰਦਾ ਹੈ? ਰੋਜ਼ ਸਵੇਰੇ ਜਲਦੀ ਉੱਠ ਕੇ ਘੰਟਿਆਂਬੱਧੀ ਮਿਹਨਤ ਕਰਨ ਵਾਲੇ ਖਿਡਾਰੀ ਨੂੰ ਸਰਕਾਰ 2 ਮਹੀਨੇ ਦੀ ਛੁੱਟੀ ਲੈਣ ਲਈ ਕਹਿ ਰਹੀ ਹੈ, ਤਾਂ ਜੋ ਹੁਣ 2 ਮਹੀਨੇ ਹੋਰ ਨਾ ਖਿਡਾਰੀਆਂ ਦੀ ਡਾਈਟ ਦਾ ਪੈਸਾ ਦੇਣਾ ਪਵੇ ਅਤੇ ਨਾ ਹੀ ਕੋਚਾਂ ਨੂੰ ਉਨ੍ਹਾਂ ਦੀ ਤਨਖਾਹ। ਖਿਡਾਰੀਆਂ ਨੂੰ ਖੇਡ ਤੋਂ ਦੂਰ ਲੈ ਕੇ ਜਾ ਕੇ ਨਾਇਬ ਸਰਕਾਰ ਉਨ੍ਹਾਂ ਨੂੰ ਨਸ਼ਿਆਂ ਦੇ ਚੁੰਗਲ ਵਿੱਚ ਧੱਕ ਰਹੀ ਹੈ। ਇਸ ਤੋਂ ਇਲਾਵਾ, ਜਿੱਥੇ ਪੁਰਾਣੀਆਂ ਖੇਡ ਨਰਸਰੀਆਂ ਦੇ ਖਿਡਾਰੀਆਂ ਨੂੰ ਡਾਈਟ ਨਹੀਂ ਮਿਲ ਰਹੀ, ਉੱਥੇ ਨਾਇਬ ਸਰਕਾਰ ਨਵੀਆਂ ਖੇਡ ਨਰਸਰੀਆਂ ਖੋਲ੍ਹਣ ਦੀ ਗੱਲ ਕਰ ਰਹੀ ਹੈ।ਅਨੁਰਾਗ ਢਾਂਡਾ ਨੇ ਬੁਢਾਪਾ ਪੈਨਸ਼ਨ ਨੂੰ ਲੈ ਕੇ ਵੀ ਸੀਐਮ ਨਾਇਬ ਸਿੰਘ ਨੂੰ ਜੰਮ ਕੇ ਘੇਰਦਿਆਂ ਕਿਹਾ ਕਿ ਬੀਤੇ ਕੱਲ੍ਹ ਮੀਡੀਆ ਵਿੱਚ ਸੀਐਮ ਬਿਆਨ ਦਿੰਦੇ ਹਨ ਕਿ ਕਿਸੇ ਦੀ ਪੈਨਸ਼ਨ ਨਹੀਂ ਕੱਟੀ ਗਈ, ਜਦਕਿ ਹਰਿਆਣਾ ਦੇ 75,000 ਤੋਂ ਵੱਧ ਬਜ਼ੁਰਗਾਂ ਦੀ ਪੈਨਸ਼ਨ ਕੱਟ ਦਿੱਤੀ ਗਈ ਹੈ। ਅਤੇ ਪੈਨਸ਼ਨ ਨਾ ਦਿੱਤੇ ਜਾਣ ਦੇ ਬੇਤੁਕੇ ਤਰਕ ਦਿੱਤੇ ਜਾ ਰਹੇ ਹਨ। ਜੇਕਰ ਕਿਸੇ ਕਿਸਾਨ ਦੇ ਖਾਤੇ ਵਿੱਚ ਫਸਲ ਦਾ ਪੈਸਾ ਡੇਢ ਜਾਂ ਦੋ ਲੱਖ ਆਇਆ, ਤਾਂ ਉਸਨੂੰ ਕਿਹਾ ਜਾ ਰਿਹਾ ਹੈ ਕਿ ਤੁਹਾਡੀ 3 ਲੱਖ ਦੀ ਕਮਾਈ ਹੈ, ਤੁਹਾਨੂੰ ਪੈਨਸ਼ਨ ਨਹੀਂ ਮਿਲ ਸਕਦੀ। ਇਸ ਦਾ ਮਤਲਬ ਨਾਇਬ ਸਰਕਾਰ 3 ਲੱਖ ਦੀ ਫਸਲ ਵੇਚਣ ਵਾਲੇ ਕਿਸਾਨ ਨੂੰ ਅਮੀਰ ਮੰਨ ਰਹੀ ਹੈ।ਢਾਂਡਾ ਨੇ ਕਿਹਾ ਕਿ ਕਿਸਾਨ ਦੀ ਖੇਤੀ ਤੋਂ ਕੋਈ ਕਮਾਈ ਨਹੀਂ ਹੁੰਦੀ, ਸਗੋਂ ਕਿਸਾਨ ਦਾ ਖਰਚਾ ਇੰਨਾ ਹੁੰਦਾ ਹੈ ਕਿ ਪੂਰੇ ਪਰਿਵਾਰ ਦਾ ਘਰ ਚਲਾਉਣਾ ਵੀ ਮੁਸ਼ਕਲ ਹੁੰਦਾ ਹੈ। ਕਿਤੇ 'ਪਰਿਵਾਰ ਪਛਾਣ ਪੱਤਰ' ਵਿੱਚ ਪੂਰੇ ਪਰਿਵਾਰ ਦੀ ਕਮਾਈ ਦਾ ਹਵਾਲਾ ਦੇ ਕੇ ਪੈਨਸ਼ਨ ਬੰਦ ਕੀਤੀ ਜਾ ਰਹੀ ਹੈ, ਤਾਂ ਕਿਤੇ ਨਾਮ, ਸਰਨੇਮ ਅਤੇ ਉਮਰ ਦੇ ਮਿਸਮੈਚ (ਗਲਤ ਵੇਰਵੇ) ਦੇ ਨਾਮ 'ਤੇ। ਅਧਿਕਾਰੀਆਂ ਅਤੇ ਪੋਰਟਲ ਦੀਆਂ ਗਲਤੀਆਂ ਦਾ ਭਾਂਡਾ ਬਜ਼ੁਰਗਾਂ ਦੇ ਸਿਰ ਭੰਨਿਆ ਜਾ ਰਿਹਾ ਹੈ। ਇਸ ਤੋਂ ਇਲਾਵਾ, ਕਈ ਥਾਵਾਂ 'ਤੇ ਪੂਰੇ ਪਰਿਵਾਰ ਦੀ ਆਮਦਨ ਨੂੰ ਜੋੜ ਕੇ ਵੀ ਦੇਖਿਆ ਜਾ ਰਿਹਾ ਹੈ, ਜਦਕਿ ਬਜ਼ੁਰਗ ਦੀ ਆਮਦਨ ਦਾ ਪਰਿਵਾਰ ਦੀ ਆਮਦਨ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।ਅਨੁਰਾਗ ਢਾਂਡਾ ਨੇ ਕਿਹਾ ਕਿ ਬਜ਼ੁਰਗ ਨੂੰ ਪੈਨਸ਼ਨ ਦੇਣ ਦਾ ਮਕਸਦ ਹੀ ਜੀਵਨ ਦੇ ਆਖਰੀ ਸਾਲਾਂ ਨੂੰ ਸਵੈ-ਮਾਣ ਨਾਲ ਜਿਊਣ ਦਾ ਮੌਕਾ ਦੇਣਾ ਹੈ ਅਤੇ ਨਾਇਬ ਸਿੰਘ ਕਹਿੰਦੇ ਹਨ ਕਿ ਇਨ੍ਹਾਂ ਦਾ ਪਰਿਵਾਰ ਬਹੁਤ ਕਮਾਉਂਦਾ ਹੈ, ਇਸ ਲਈ ਪੈਨਸ਼ਨ ਨਹੀਂ ਮਿਲੇਗੀ। ਪੂਰੇ ਹਰਿਆਣਾ ਵਿੱਚ ਸੈਂਕੜੇ ਬਜ਼ੁਰਗਾਂ ਅਤੇ ਔਰਤਾਂ ਦੀਆਂ ਲਾਈਨਾਂ ਸਰਕਾਰੀ ਦਫ਼ਤਰਾਂ ਵਿੱਚ



ਲੱਗੀਆਂ ਹੋਈਆਂ ਹਨ, ਜੋ ਆਪਣੀ ਪੈਨਸ਼ਨ ਕੱਟੇ ਜਾਣ ਦਾ ਕਾਰਨ ਪੁੱਛ ਰਹੇ ਹਨ। ਦਫ਼ਤਰ ਦੇ ਅਧਿਕਾਰੀਆਂ ਕੋਲ ਉਨ੍ਹਾਂ ਦੀ ਪੈਨਸ਼ਨ ਕੱਟੇ ਜਾਣ ਦਾ ਕੋਈ ਵਾਜਬ ਜਵਾਬ ਨਹੀਂ ਹੈ। ਢਾਂਡਾ ਨੇ ਕਿਹਾ ਕਿ ਨਾਇਬ ਸਿੰਘ ਆਨ-ਰਿਕਾਰਡ ਝੂਠ ਬੋਲਣ ਵਿੱਚ ਪੀਐਚਡੀ ਹੋ ਗਏ ਹਨ।ਅਨੁਰਾਗ ਢਾਂਡਾ ਨੇ ਸੀਐਮ ਨਾਇਬ ਸੈਣੀ ਅਤੇ ਭਾਜਪਾ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਇਸ ਤੋਂ ਪਹਿਲਾਂ ਕਿ ਲੋਕ ਸੜਕਾਂ 'ਤੇ ਉਤਰ ਕੇ ਉਨ੍ਹਾਂ ਦੇ ਪੁਤਲੇ ਸਾੜਨ, ਬਿਹਤਰ ਹੋਵੇਗਾ ਕਿ ਸਰਕਾਰ ਲੋਕਾਂ ਦੀਆਂ ਬੁਨਿਆਦੀ ਸਮੱਸਿਆਵਾਂ ਵੱਲ ਧਿਆਨ ਦੇ ਕੇ ਉਨ੍ਹਾਂ ਦਾ ਕੰਮ ਕਰੇ। ਸੀਐਮ ਨਾਇਬ ਸਿੰਘ ਖਿਡਾਰੀਆਂ ਦੀ ਡਾਈਟ ਦੇ ਕਰੀਬ 10 ਕਰੋੜ ਰੁਪਏ ਜਲਦੀ ਜਾਰੀ ਕਰਨ। ਕਿਸਾਨਾਂ ਦੀ ਫਸਲ ਦੀ ਵਿਕਰੀ ਨੂੰ ਆਮਦਨ ਮੰਨਣਾ ਬੰਦ ਕਰਕੇ ਸਾਰੇ ਬਜ਼ੁਰਗਾਂ ਦੀ ਬੁਢਾਪਾ ਪੈਨਸ਼ਨ ਜਲਦ ਤੋਂ ਜਲਦ ਬਹਾਲ ਕੀਤੀ ਜਾਵੇ।





RE/MAX EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

Kirandeep Kaur
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

Contact : Cell (209) 550-1704

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

ਆਪਣੇ ਇਮੀਗਰੇਸ਼ਨ ਦੇ ਕਿਸੇ ਵੀ ਕੰਮ ਲਈ ਸਾਨੂੰ ਮਿਲੋ

HOPE
IMMIGRATION

Where Hope Meets

IMMIGRATION OPPORTUNITIES

USA SERVICES :
CITIZENSHIP
GREEN CARD & PETITION
AFFIDAVIT OF SUPPORT
WORK PERMIT RENEW
STUDENT VISA & TRANSFER
TOURIST VISAS

INDIAN SERVICES :
Passport
VISA
OCI CARD
RENUNCIATION
POWER OF ATTORNEY
LEGAL DOCUMENTS ATTESTATIONS
NOTARY SERVICES

WE CAN HELP YOU WORK AND SETTLE IN COUNTRIES WORLDWIDE ALSO

ਅਮਰੀਕਾ ਜਾਂ INDIA ਦੀ Immigration ਜਾਂ Legal Document Services ਲਈ HOPE IMMIGRATION ਕੋਲ ਆਓ

ਅਸੀਂ ਤਜਰਬੇਕਾਰ ਇਮੀਗਰੇਸ਼ਨ ਵਕੀਲਾਂ ਨਾਲ ਵੀ ਕੰਮ ਕਰਦੇ ਹਾਂ
ਅਤੇ ਲੋੜ ਪੈਣ ਤੇ ਉਹਨਾਂ ਦੀਆਂ ਸੇਵਾਵਾਂ ਵੀ ਤੁਹਾਨੂੰ ਦਵਾ ਸਕਦੇ ਹਾਂ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : (916) 518-0630

WEBSITE : www.hopeimmigration.net | Email : help@hopeimmigration.net

ਅਸੀਂ California State ਦੇ Bonded Immigration Consultant ਹਾਂ

ADDRESS : 2953 W CAPITOL AVE WEST SACRAMENTO, CA 95691

ਮੈਂ ਵਕੀਲ ਨਹੀਂ ਹਾਂ ਅਤੇ ਕੋਈ ਕਾਨੂੰਨੀ ਸੁਲਾਹ ਨਹੀਂ ਦੇ ਸਕਦਾ


WE HAVE THE CHEAPEST FARES TO INDIA
LEGEND TRAVEL
arc accredited agency
CST # 207524-40
Special Fares To India From West-coast (us) On Air India Direct Flights
JATINDER SINGH
LOWEST AIRFARES FROM USA TO INDIA
★Travel Insurance ★ Great last Minute Deals ★ Offices in India
ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।
CALL US
(510) 797-9010
USA OFFICE: 2450 PERALTA BLVD., STE 106-108, FREMONT CA 94536 PH.: 510-797-9010
Website: www.legendamerica.net
Emirates
CATHAY PACIFIC
ASIANA AIRLINES
JET AIRWAYS
CHINA AIRLINES
BRITISH AIRWAYS
SINGAPORE AIRLINES
Lufthansa
ANA

# ਡਿਜ਼ੀਟਲ ਯੁੱਗ ਵਿੱਚ ਸੰਚਾਰ ਦੀ ਮਹੱਤਤਾ



ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ

ਸੰਚਾਰ ਮਨੁੱਖੀ ਜੀਵਨ ਲਈ ਇਕ ਮੂਲ ਜੈਵਿਕ, ਮਨੋਵਿਗਿਆਨਕ ਅਤੇ ਸਮਾਜਿਕ ਪ੍ਰਕਿਰਿਆ ਹੈ, ਜੋ ਜੀਵਨ ਬਚਾਉਣ ਅਤੇ ਸੁੱਖ ਸ਼ਾਂਤੀ ਲਈ ਅਤਿਅੰਤ ਜ਼ਰੂਰੀ ਹੈ। ਡਿਜ਼ੀਟਲ ਯੁੱਗ ਵਿੱਚ, ਬੇਮਿਸਾਲ ਤਕਨੀਕੀ ਤਰੱਕੀ ਖਾਸ ਕਰਕੇ ਸੋਸ਼ਲ ਮੀਡੀਆ ਅਤੇ ਤੁਰੰਤ ਸੁਨੇਹਾ ਭੇਜਣ ਵਾਲੇ ਪਲੇਟਫਾਰਮਾਂ ਨੇ ਮਨੁੱਖਾਂ ਦੇ ਆਪਸੀ ਸੰਪਰਕ, ਜਾਣਕਾਰੀ ਦੇ ਅਦਾਨ-ਪ੍ਰਦਾਨ ਅਤੇ ਰਿਸ਼ਤਿਆਂ ਦੀ ਬਣਤਰ ਨੂੰ ਬੁਨਿਆਦੀ ਤੌਰ ’ਤੇ ਬਦਲ ਦਿੱਤਾ ਹੈ। ਜਿੱਥੇ ਡਿਜ਼ੀਟਲ ਸੰਚਾਰ ਨੇ ਪਹੁੰਚ ਅਤੇ ਗਤੀ ਵਧਾਈ ਹੈ, ਉੱਥੇ ਇਸ ਨੇ ਮਨੁੱਖੀ ਸੰਪਰਕ ਦੀ ਗਹਿਰਾਈ, ਗੁਣਵੱਤਾ ਅਤੇ ਪ੍ਰਮਾਣਿਕਤਾ ਨੂੰ ਵੀ ਪ੍ਰਭਾਵਿਤ ਕੀਤਾ ਹੈ।ਮਨੁੱਖੀ ਸੰਚਾਰ ਲਿਖਤੀ ਭਾਸ਼ਾ ਤੋਂ ਵੀ ਪਹਿਲਾਂ ਦਾ ਹੈ ਅਤੇ ਇਹ ਨਿਊਰੋਬਾਇਲੋਜੀ ਅਤੇ ਇਸ ਦੀਆਂ ਵਿਕਾਸ ਦੇ ਇਤਿਹਾਸ ਵਿੱਚ ਡੂੰਘੀਆਂ ਜੜ੍ਹਾਂ ਹਨ। ਚਿਹਰੇ ਦੇ ਹਾਵ-ਭਾਵ, ਆਵਾਜ਼ ਦੇ ਲਹਿਜ਼ੇ, ਇਸ਼ਾਰੇ ਅਤੇ ਬੋਲੀ ਮਿਲ ਕੇ ਪ੍ਰਾਚੀਨ ਮਨੁੱਖਾਂ ਨੂੰ ਸਹਿਯੋਗ ਕਰਨ, ਜੀਵਨ ਬਚਾਉਣ ਅਤੇ ਜਟਿਲ ਸਮਾਜ ਬਣਾਉਣ ਵਿੱਚ ਮਦਦ ਕਰਦੇ ਰਹੇ। 21ਵੀਂ ਸਦੀ ਵਿੱਚ ਸੰਚਾਰ ਸਿੱਧੇ ਰੂਬਰੂ ਸੰਪਰਕ ਤੋਂ ਸਕ੍ਰੀਨ-ਮਾਧਿਅਮ ਰਾਹੀਂ ਹੋਣ ਵਾਲੇ ਸੰਪਰਕ ਵੱਲ ਵੱਡੇ ਪੱਧਰ ’ਤੇ ਤਬਦੀਲ ਹੋ ਗਿਆ ਹੈ। ਈਮੇਲ, ਸੋਸ਼ਲ ਮੀਡੀਆ ਪੋਸਟਾਂ, ਇਮੋਜੀ ਅਤੇ ਵੀਡੀਓ ਕਾਲਾਂ ਹੁਣ ਆਪਸੀ ਸੰਪਰਕ ਦਾ ਮੁੱਖ ਸਾਧਨ ਬਣ ਚੁੱਕੀਆਂ ਹਨ। ਹਾਲਾਂਕਿ ਇਹ ਸਾਧਨ ਜੁੜਾਵ ਵਿੱਚ ਕ੍ਰਾਂਤੀ ਲਿਆਏ ਹਨ, ਪਰ ਮਨੋਸਿਹਤ, ਭਾਵਨਾਤਮਕ ਬੁੱਧੀਮਾਨੀ ਅਤੇ ਸਮਾਜਿਕ ਏਕਤਾ ਉੱਤੇ ਉਨ੍ਹਾਂ ਦੇ ਪ੍ਰਭਾਵ ਬਾਰੇ ਚਿੰਤਾ ਵੀ ਵਧ ਰਹੀ ਹੈ। ਇਸ ਲਈ ਡਿਜ਼ੀਟਲ ਯੁੱਗ ਵਿੱਚ ਸੰਚਾਰ ਨੂੰ ਸਮਝਣਾ ਸਿਰਫ਼ ਸਮਾਜਿਕ ਮਸਲਾ ਨਹੀਂ, ਸਗੋਂ ਇਕ ਮਨੋਵਿਗਿਆਨਕ ਲੋੜ ਹੈ।

ਸੰਚਾਰ ਦੇ ਜੈਵਿਕ ਅਧਾਰ

ਨਿਊਰੋਸਾਇੰਸ ਦੇ ਦ੍ਰਿਸ਼ਟੀਕੋਣ ਤੋਂ, ਸੰਚਾਰ ਦਿਮਾਗ ਦੇ ਕਈ ਹਿੱਸਿਆਂ ਨੂੰ ਸਰਗਰਮ ਕਰਦਾ ਹੈ, ਜਿਵੇਂ ਪ੍ਰੀਫਰੰਟਲ ਕੋਰਟੈਕਸ (ਫੈਸਲਾ ਲੈਣਾ ਅਤੇ ਸਮਾਜਿਕ ਨਿਰਣੇ), ਲਿੰਬਿਕ ਸਿਸਟਮ (ਭਾਵਨਾਵਾਂ) ਅਤੇ ਮਿਰਰ ਨਿਊਰਾਨ ਨੈੱਟਵਰਕ (ਸਹਾਨੁਭੂਤੀ ਅਤੇ ਸਮਾਜਿਕ ਸਿੱਖਿਆ)। ਰੂਬਰੂ ਸੰਚਾਰ ਆਕਸੀਟੋਸਿਨ ਦੇ ਸ੍ਰਾਵ ਨੂੰ ਉਤਸ਼ਾਹਿਤ ਕਰਦਾ ਹੈ, ਜਿਸਨੂੰ ਅਕਸਰ ਸਾਂਝ ਵਾਲਾ ਹਾਰਮੋਨ ਕਿਹਾ ਜਾਂਦਾ ਹੈ, ਜੋ ਭਰੋਸਾ, ਭਾਵਨਾਤਮਕ ਸੁਰੱਖਿਆ ਅਤੇ ਤਣਾਅ ਘਟਾਉਂਦਾ ਹੈ। ਬੋਲ ਕੇ ਆਪਣੀ ਗੱਲ ਕਹਿਣਾ ਭਾਵਨਾਵਾਂ ਨੂੰ ਨਿਯੰਤਰਿਤ ਕਰਨ ਵਿੱਚ ਮਦਦ ਕਰਦਾ ਹੈ, ਕਿਉਂਕਿ ਇਹ ਲਿੰਬਿਕ ਪ੍ਰਤੀਕਿਰਿਆ ’ਤੇ ਕੋਰਟੈਕਸ ਦਾ ਕੰਟਰੋਲ ਬਣਾਉਂਦਾ ਹੈ ਇਹ ਗੱਲ ਅਫੈਕਟਿਵ ਨਿਊਰੋਸਾਇੰਸ ਵਿੱਚ ਚੰਗੀ ਤਰ੍ਹਾਂ ਦਰਜ ਹੈ।

ਮਨੋਵਿਗਿਆਨਕ ਤੌਰ ’ਤੇ, ਸੰਚਾਰ ਵਿਅਕਤੀ ਨੂੰ ਆਪਣੇ ਵਿਚਾਰ ਬਾਹਰ ਲਿਆਉਣ, ਭਾਵਨਾਵਾਂ ਨੂੰ ਸਮਝਣ ਅਤੇ ਮਾਨਤਾ ਪ੍ਰਾਪਤ ਕਰਨ ਦਾ ਮੌਕਾ ਦਿੰਦਾ ਹੈ। ਦਬਿਆ ਹੋਇਆ ਜਾਂ ਅਧੂਰਾ ਸੰਚਾਰ ਸਿੰਪੈਥੇਟਿਕ ਨਰਵਸ ਸਿਸਟਮ ਦੀ ਵਧੀ ਹੋਈ ਸਰਗਰਮੀ, ਉੱਚ ਕੋਰਟਿਸੋਲ ਪੱਧਰ ਅਤੇ ਚਿੰਤਾ, ਡਿਪ੍ਰੈਸ਼ਨ, ਉੱਚ ਰਕਤਚਾਪ ਅਤੇ ਮਨੋਦੇਹਕ ਬਿਮਾਰੀਆਂ ਦੇ ਵਧੇ ਖ਼ਤਰੇ ਨਾਲ ਜੁੜਿਆ ਹੋਇਆ ਹੈ।

ਡਿਜ਼ੀਟਲ ਯੁੱਗ ਵਿੱਚ ਸੰਚਾਰ

ਡਿਜ਼ੀਟਲ ਸੰਚਾਰ ਨੇ ਗਤੀ, ਸੁਵਿਧਾ ਅਤੇ ਵਿਸ਼ਵ ਪੱਧਰੀ ਪਹੁੰਚ ਰਾਹੀਂ ਸਮਾਜਿਕ ਸੰਪਰਕ ਨੂੰ ਨਵਾਂ ਰੂਪ ਦਿੱਤਾ ਹੈ। ਸੋਸ਼ਲ ਮੀਡੀਆ ਪਲੇਟਫਾਰਮ ਭੂਗੋਲਿਕ ਸੀਮਾਵਾਂ ਤੋਂ ਪਰੇ ਵਿਚਾਰਾਂ, ਭਾਵਨਾਵਾਂ ਅਤੇ ਤਜਰਬਿਆਂ ਦੀ ਤੁਰੰਤ ਸਾਂਝ ਸੰਭਵ ਬਣਾਉਂਦੇ ਹਨ। ਟੈਲੀਮੇਡੀਸਿਨ, ਆਨਲਾਈਨ ਸਿੱਖਿਆ ਅਤੇ ਡਿਜ਼ੀਟਲ ਸਹਿਯੋਗ ਨੇ ਸਿਹਤ ਸੇਵਾਵਾਂ, ਗਿਆਨ ਅਤੇ ਪੇਸ਼ਾਵਰ ਮੌਕਿਆਂ ਤੱਕ ਪਹੁੰਚ ਸੁਧਾਰੀ ਹੈ। ਪਰ ਡਿਜ਼ੀਟਲ ਸੰਚਾਰ ਵਿੱਚ ਅਕਸਰ ਗੈਰ-ਵਰਬਲ ਸੰਕੇਤਾਂ—ਜਿਵੇਂ ਅੱਖਾਂ ਦਾ ਸੰਪਰਕ, ਸਰੀਰਕ ਭਾਸ਼ਾ ਅਤੇ ਆਵਾਜ਼ ਦਾ ਉਤਾਰ-ਚ ੜ ਾ ਵ ਦੀ ਕਮੀ ਹੁੰਦੀ ਹੈ, ਜੋ ਮਨੁੱਖੀ ਸੰਚਾਰ ਦਾ 60% ਤੋਂ ਵੱਧ ਹਿੱਸਾ ਬਣਾਉਂਦੇ ਹਨ। ਇਨ੍ਹਾਂ ਸੰਕੇਤਾਂ ਦੀ ਗੈਰਹਾਜ਼ਰੀ ਗਲਤਫ਼ਹਿਮੀਆਂ, ਭਾਵਨਾਤਮਕ ਦੂਰੀ ਅਤੇ ਸਹਾਨੁਭੂਤੀ ਵਿੱਚ ਕਮੀ ਦਾ ਕਾਰਨ ਬਣ ਸਕਦੀ ਹੈ।

ਸੋਸ਼ਲ ਮੀਡੀਆ ਕਿਵੇਂ ਆਪਸੀ ਸੰਪਰਕ ਘਟਾ ਰਿਹਾ ਹੈ

ਭਾਵੇਂ ਸੋਸ਼ਲ ਮੀਡੀਆ ਸੰਪਰਕਾਂ ਦੀ ਗਿਣਤੀ ਵਧਾਉਂਦਾ ਹੈ, ਪਰ ਅਕਸਰ ਉਨ੍ਹਾਂ ਦੀ ਗੁਣਵੱਤਾ ਘਟਾ ਦਿੰਦਾ ਹੈ। ਇਸ ਪੈਰਾਡਾਕਸ ਦੇ ਕਈ ਕਾਰਨ ਹਨ:

ਉਪਰੀ ਜੁੜਾਵ:
ਲਾਇਕ, ਸ਼ੇਅਰ ਅਤੇ ਛੋਟੀਆਂ ਟਿੱਪਣੀਆਂ ਅਰਥਪੂਰਨ ਗੱਲਬਾਤ ਦੀ ਥਾਂ ਲੈ ਲੈਂਦੀਆਂ ਹਨ।

ਰੂਬਰੂ ਸੰਪਰਕ ਵਿੱਚ ਕਮੀ:
ਵੱਧ ਸਕ੍ਰੀਨ ਸਮਾਂ ਸਿੱਧੀ ਗੱਲਬਾਤ ਨੂੰ ਘਟਾਉਂਦਾ ਹੈ, ਜਿਸ ਨਾਲ ਸਮਾਜਿਕ ਕੌਸ਼ਲ ਕਮਜ਼ੋਰ ਹੁੰਦੇ ਹਨ।

ਧਿਆਨ ਦੀ ਟੁੱਟ-ਫੁੱਟ:
ਲਗਾਤਾਰ ਨੋਟੀਫਿਕੇਸ਼ਨ ਸਰਗਰਮ ਸੁਣਨ ਅਤੇ ਲਗਾਤਾਰ ਧਿਆਨ ਵਿੱਚ ਰੁਕਾਵਟ ਪਾਂਦੇ ਹਨ।

ਸਮਾਜਿਕ ਤੁਲਨਾ ਅਤੇ ਮਾਨਤਾ ਦੀ ਲਾਲਸਾ:
ਸਜਾਵਟੀ ਆਨਲਾਈਨ ਚਿਹਰੇ ਤੁਲਨਾ, ਈਰਖਾ ਅਤੇ ਘੱਟ ਆਤਮ-ਮੁੱਲ ਪੈਦਾ ਕਰਦੇ ਹਨ।

ਇਕੋ-ਚੈਂਬਰ ਪ੍ਰਭਾਵ:
ਐਲਗੋਰਿਦਮ ਅਧਾਰਿਤ ਸਮੱਗਰੀ ਮੌਜੂਦਾ ਧਾਰਨਾਵਾਂ ਨੂੰ ਮਜ਼ਬੂਤ ਕਰਦੀ ਹੈ, ਖੁੱਲ੍ਹੀ ਚਰਚਾ ਨੂੰ ਸੀਮਿਤ ਕਰਦੀ ਹੈ।

ਮਨੋਸਿਹਤ ਦੇ ਪੱਖੋਂ, ਇਹ ਰੁਝਾਨ ਖ਼ਾਸ ਕਰਕੇ ਬਾਲਾਂ ਅਤੇ ਨੌਜਵਾਨਾਂ ਵਿੱਚ ਇਕੱਲਾਪਨ, ਸਮਾਜਿਕ ਚਿੰਤਾ ਅਤੇ ਡਿਪ੍ਰੈਸ਼ਨ ਨਾਲ ਜੁੜੇ ਹੋਏ ਹਨ।

ਡਿਜ਼ੀਟਲ ਯੁੱਗ ਵਿੱਚ ਸੰਚਾਰ ਦੇ ਫ਼ਾਇਦੇ ਅਤੇ ਨੁਕਸਾਨ

ਫਾਇਦੇ

ਤੇਜ਼ ਜਾਣਕਾਰੀ ਅਦਾਨ-ਪ੍ਰਦਾਨ ਅਤੇ ਵਿਸ਼ਵ ਪੱਧਰੀ ਜੁੜਾਵ,
ਸਮਾਜਿਕ ਸਹਾਇਤਾ ਨੈੱਟਵਰਕਾਂ ਤੱਕ ਵਧੀ ਪਹੁੰਚ,
ਟੈਲੀਕਮਿਊਨੀਕੇਸ਼ਨ ਰਾਹੀਂ ਬਿਹਤਰ ਸਿਹਤ ਸੇਵਾਵਾਂ,ਹਾਸ਼ੀਏ ’ਤੇ ਰਹਿੰਦੇ ਵਰਗਾਂ ਦੀ ਆਵਾਜ਼ ਨੂੰ ਮੌਕਾ,ਦੂਰੀ ਅਤੇ ਸਮੇਂ ਦੇ ਬਾਵਜੂਦ ਰਿਸ਼ਤਿਆਂ ਦੀ ਲਗਾਤਾਰਤਾ।

ਨੁਕਸਾਨ

ਗਹਿਰੀ ਅਰਥਪੂਰਨ ਗੱਲਬਾਤ ਵਿੱਚ ਕਮੀ,ਗਲਤ ਸਮਝ ਅਤੇ ਟਕਰਾਅ ਵਿੱਚ ਵਾਧਾ,ਡਿਜ਼ੀਟਲ ਲਤ ਅਤੇ ਘੱਟ ਧਿਆਨ ਸਮਰੱਥਾ,ਭਾਵਨਾਤਮਕ ਦੂਰੀ ਅਤੇ ਸਮਾਜਿਕ ਇਕੱਲਾਪਨ,ਲਗਾਤਾਰ ਜੁੜੇ ਰਹਿਣ ਕਾਰਨ ਵਧਿਆ ਤਣਾਅ

ਇਸ ਤਰ੍ਹਾਂ, ਡਿਜ਼ੀਟਲ ਸੰਚਾਰ ਨਾ ਆਪਣੇ ਆਪ ਵਿੱਚ ਚੰਗਾ ਹੈ ਨਾ ਮਾੜਾ; ਇਸਦਾ ਪ੍ਰਭਾਵ ਸੰਤੁਲਨ, ਨੀਅਤ ਅਤੇ ਸੰਦਰਭ ’ਤੇ ਨਿਰਭਰ ਕਰਦਾ ਹੈ।

ਸਿਹਤਮੰਦ ਅਤੇ ਪ੍ਰਭਾਵਸ਼ਾਲੀ ਸੰਚਾਰ ਨੂੰ ਉਤਸ਼ਾਹਿਤ ਕਰਨਾ

ਡਿਜ਼ੀਟਲ ਯੁੱਗ ਵਿੱਚ ਪ੍ਰਭਾਵਸ਼ਾਲੀ ਸੰਚਾਰ ਲਈ ਬਹੁ-ਪੱਧਰੀ ਪਹੁੰਚ ਦੀ ਲੋੜ ਹੈ:

ਡਿਜ਼ੀਟਲ ਸਿੱਖਿਆ ਅਤੇ ਜਾਗਰੂਕਤਾ:
ਤਕਨੀਕ ਦੀ ਸੋਚ-ਵਿਚਾਰ ਨਾਲ ਵਰਤੋਂ ਬਾਰੇ ਸਿੱਖਿਆ।

ਰੂਬਰੂ ਸੰਪਰਕ ਨੂੰ ਉਤਸ਼ਾਹ:
ਪਰਿਵਾਰ, ਸਕੂਲ ਅਤੇ ਕੰਮਕਾਜ ਦੀਆਂ ਥਾਵਾਂ ’ਤੇ ਸਿੱਧੀ ਗੱਲਬਾਤ ਲਈ ਮੌਕੇ।

ਸਰਗਰਮ ਸੁਣਨ ਦੀ ਸਿਖਲਾਈ:
ਅਰਥਪੂਰਨ ਅਤੇ ਗੈਰ-ਨਿਆਂਪੂਰਕ ਸੁਣਨ ਦੇ ਕੌਸ਼ਲ।

ਸੰਰਚਿਤ ਸੰਚਾਰ ਅਭਿਆਸ:
ਸਮੂਹ ਚਰਚਾਵਾਂ, ਕਾਊਂਸਲਿੰਗ ਅਤੇ ਦੋਸਤਾਨਾ ਸਹਾਇਤਾ।

ਸਿਹਤਮੰਦ ਸੋਸ਼ਲ ਮੀਡੀਆ ਆਦਤਾਂ:
ਸਮਾਂ ਸੀਮਾ, ਸਮੱਗਰੀ ਚੋਣ ਅਤੇ ਡਿਜ਼ੀਟਲ ਡਿਟੌਕਸ।

ਸਿਹਤ ਵਿਸ਼ੇਸ਼ਗਿਆਨ ਹੁਣ ਸੰਚਾਰ ਕੌਸ਼ਲਾਂ ਨੂੰ ਮਨੋਰੋਗਾਂ ਤੋਂ ਬਚਾਅ ਦੇ ਸਾਧਨ ਵਜੋਂ ਮੰਨ ਰਹੇ ਹਨ ਅਤੇ ਜਨ ਸਿਹਤ ਰਣਨੀਤੀਆਂ ਵਿੱਚ ਉਨ੍ਹਾਂ ਦੀ ਸ਼ਮੂਲੀਅਤ ’ਤੇ ਜ਼ੋਰ ਦੇ ਰਹੇ ਹਨ।


ਤਣਾਅ ਅਤੇ ਡਿਪ੍ਰੈਸ਼ਨ ਘਟਾਉਣ ਵਿੱਚ ਸੰਚਾਰ ਦੀ ਭੂਮਿਕਾ

ਪ੍ਰਭਾਵਸ਼ਾਲੀ ਸੰਚਾਰ ਤਣਾਅ ਅਤੇ ਡਿਪ੍ਰੈਸ਼ਨ ਵਿਰੁੱਧ ਇੱਕ ਮਜ਼ਬੂਤ ਢਾਲ ਹੈ। ਭਾਵਨਾਵਾਂ ਦਾ ਪ੍ਰਗਟਾਵਾ ਕੋਰਟਿਸੋਲ ਅਤੇ ਸਿੰਪੈਥੇਟਿਕ ਉਤੇਜਨਾ ਨੂੰ ਘਟਾ ਕੇ ਸਰੀਰਕ ਤਣਾਅ ਘਟਾਉਂਦਾ ਹੈ। ਅਰਥਪੂਰਨ ਸੰਚਾਰ ਰਾਹੀਂ ਮਿਲਦੀ ਸਮਾਜਿਕ ਸਹਾਇਤਾ ਇਨਾਮੀ ਨਰਵਸ ਮਾਰਗਾਂ ਨੂੰ ਸਰਗਰਮ ਕਰਦੀ ਹੈ ਅਤੇ ਆਪਣੇਪਣ ਦੀ ਭਾਵਨਾ ਮਜ਼ਬੂਤ ਕਰਦੀ ਹੈ।

ਮਨੋਵਿਗਿਆਨਕ ਅਧਿਐਨਾਂ ਨੇ ਦਰਸਾਇਆ ਹੈ ਕਿ ਜੋ ਵਿਅਕਤੀ ਆਪਣੀਆਂ ਭਾਵਨਾਵਾਂ ਖੁੱਲ੍ਹ ਕੇ ਸਾਂਝੀਆਂ ਕਰਦੇ ਹਨ, ਉਨ੍ਹਾਂ ਵਿੱਚ ਲੰਬੇ ਸਮੇਂ ਦੇ ਤਣਾਅ ਰੋਗ ਅਤੇ ਚਿੰਤਾ ਰੋਗ ਦਾ ਖ਼ਤਰਾ ਘੱਟ ਹੁੰਦਾ ਹੈ। ਕੋਗਨਿਟਿਵ ਬਿਹੇਵਿਅਰਲ ਥੈਰੇਪੀ, ਗਰੁੱਪ ਥੈਰੇਪੀ ਅਤੇ ਸਹਾਇਕ ਕਾਊਂਸਲਿੰਗ ਸਾਰੇ ਸੰਚਾਰ ਅਧਾਰਿਤ ਇਲਾਜ਼ ਹਨ। ਭਰੋਸੇਯੋਗ ਲੋਕਾਂ ਨਾਲ ਸਧਾਰਣ ਗੱਲਬਾਤ ਵੀ ਭਾਵਨਾਤਮਕ ਰਾਹਤ, ਸੋਚ ਵਿੱਚ ਬਦਲਾਅ ਅਤੇ ਆਸ ਪੈਦਾ ਕਰ ਸਕਦੀ ਹੈ।

ਡਿਜ਼ੀਟਲ ਯੁੱਗ ਵਿੱਚ ਸੰਚਾਰ ਮਨੁੱਖੀ ਸਿਹਤ, ਰਿਸ਼ਤਿਆਂ ਅਤੇ ਸਮਾਜਿਕ ਸਥਿਰਤਾ ਦੀ ਨੀਂਹ ਹੈ। ਤਕਨੀਕੀ ਤਰੱਕੀ ਨੇ ਜੁੜਨ ਦੇ ਢੰਗ ਬਦਲੇ ਹਨ, ਪਰ ਮਨੁੱਖੀ ਸੰਪਰਕ ਦੀ ਗਹਿਰਾਈ ਅਤੇ ਪ੍ਰਮਾਣਿਕਤਾ ਨੂੰ ਚੁਣੌਤੀ ਵੀ ਦਿੱਤੀ ਹੈ। ਇਲਾਜ਼ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਤੋਂ, ਅਧੂਰਾ ਜਾਂ ਉਪਰਲਾ ਸੰਚਾਰ ਤਣਾਅ, ਇਕੱਲਾਪਨ ਅਤੇ ਮਨੋਰੋਗਾਂ ਦਾ ਕਾਰਨ ਬਣਦਾ ਹੈ, ਜਦਕਿ ਅਰਥਪੂਰਨ ਸੰਚਾਰ ਭਾਵਨਾਤਮਕ ਨਿਯੰਤਰਣ ਅਤੇ ਮਾਨਸਿਕ ਸਿਹਤ ਨੂੰ ਮਜ਼ਬੂਤ ਕਰਦਾ ਹੈ।

ਸਾਡੇ ਸਾਹਮਣੇ ਚੁਣੌਤੀ ਡਿਜ਼ੀਟਲ ਸੰਚਾਰ ਨੂੰ ਰੱਦ ਕਰਨ ਦੀ ਨਹੀਂ, ਸਗੋਂ ਉਸਨੂੰ ਮਨੁੱਖੀ ਬਣਾਉਣ ਦੀ ਹੈ ਦਇਆ, ਹਾਜ਼ਰੀ ਅਤੇ ਸੰਤੁਲਨ ਰਾਹੀਂ। ਪ੍ਰਭਾਵਸ਼ਾਲੀ ਸੰਚਾਰ ਵਿੱਚ ਮੁੜ ਨਿਵੇਸ਼ ਕਰਨਾ ਸਿਰਫ਼ ਸਮਾਜਿਕ ਜਾਂ ਸੱਭਿਆਚਾਰਕ ਲੋੜ ਨਹੀਂ, ਬਲਕਿ ਇਕ ਜਨ ਸਿਹਤ ਲੋੜ ਹੈ, ਜੋ ਵੱਧਦੇ ਜੁੜਾਵ ਪਰ ਭਾਵਨਾਤਮਕ ਟੁੱਟ-ਫੁੱਟ ਵਾਲੀ ਦੁਨੀਆ ਵਿੱਚ ਮਨੋਵਿਗਿਆਨਕ ਸਿਹਤ ਲਈ ਅਤਿਅੰਤ ਜ਼ਰੂਰੀ ਹੈ।







Imperial Spice
Resturant Bar & Banquet Hall
Vibrant flavors of
North and South Indian cuisine.
IMPERIAL SPICE
OPEN
10am to 10pm
ਸੋਮਵਾਰ ਤੋਂ ਬੁੱਧਵਾਰ 10am to 3pm
Lunch Buffett
ਸਿਰਫ ਤੇ ਸਿਰਫ
$14.99
SPECIAL
Fish Pakora
$4.99
ਜੇਕਰ ਤੁਸੀਂ $100 ਤੋ ਵੱਧ ਖਰਚਦੇ ਹੋ ਤਾਂ 1 ਪਲੈਟ ਪਾਣੀਪੁਰੀ FREE
OPEN
7 DAYS
A WEEK
ਮੰਗਲਵਾਰ ਨੂੰ ਖਾਸ ਸਪੈਸ਼ਲ Buffet $12.99
ਰਾਤੀ Dinner ਸਮੇਂ 5 ਜਾਂ 5 ਤੋਂ ਵੱਧ ਬੰਦਿਆਂ ਦੇ
ਖਾਣਾ ਖਾਣ 'ਤੇ ਹੋਵੇਗਾ 10% discount
ਸਿਰਫ ਮੰਗਲਵਾਰ ਨੂੰ hard liquor ਦੀਆਂ ਕੁਝ items ਦੇ shot ਦੀ ਕੀਮਤ ਹੋਵੇਗੀ ਸਿਰਫ $8
PACKAGE DEALS AVAILABLE
Spacious Banquet Hall
Professional Decoration
DJ & Special Security Available
5000 ਬੰਦਿਆਂ ਤੱਕ ਦੀ
Catering ਦਾ ਪ੍ਰਬੰਧ
ਅਸੀਂ ਦੇਸੀ ਘਿਉ ਦੀਆਂ ਹਰ ਤਰ੍ਹਾਂ ਦੀਆਂ ਮਿਠਾਈਆਂ ਵੀ ਬਣਾਉਂਦੇ ਹਾਂ
ਅਤੇ ਵਿਆਹ ਸ਼ਾਦੀਆਂ ਵਾਸਤੇ ਵੱਡੇ ਆਡਰ ਵੀ ਮਿਠਾਈਆਂ ਦੇ ਲੈਂਦੇ ਹਾਂ ।
Sonu (209) 595-8596 Goutam (209) 494-9404
430 W Grant Line Rd Tracy, CA 95376

GHUMAN
LAW GROUP INC.

# Ghuman Law Group

## ਤੁਹਾਡੇ ਲਈ ਲੈ ਕੇ ਆਏ ਨੇ AMERICA ਵਿੱਚ BUSINESS ਕਰਨ ਦਾ ਸੁਨਿਹਰੀ ਮੌਕਾ !

ਜੇਕਰ ਤੁਸੀਂ Canada, England, Australia, New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ

**ਆਓ E-2 Investor Visa ਰਾਹੀਂ**

ਸਿਰਫ $25,000 ਦੀ ਘੱਟੋ-ਘੱਟ Investment
ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ






**GHUMAN LAW GROUP**
**ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ ਪੂਰੀ ਮਦਦ ਕਰੇਗਾ**



**ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ**

**ਪਰਿਵਾਰ ਸਮੇਤ 🇺🇸 ਆਉਣ ਦਾ ਵਧੀਆ ਮੌਕਾ**



- 2 ਸਾਲ ਦਾ Work Permit
- Spouse ਨੂੰ ਮਿਲੇਗਾ Open Work Permit
- ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
- ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ


**ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ**

MON - FRI, 9:00 AM - 3:00 PM

+1 (223) 300-0001 | www.ghumanlawgroup.org

2450 VENTURE OAKS WAY, STE 225 SACRAMENTO, CA


ਰੋਜਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
NOW OPEN
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria
Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307


Pal Films
Production
All Your Photo/Videography &
Post Production needs Under One Roof
PF
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com

# ਪੰਜਾਬੀ ਸਭਿਆਚਾਰ ਵਿੱਚ 'ਮੂਸਲ' ਵਿਸਰਦਾ ਹੋਇਆ ਲੋਕ-ਵਿਰਾਸਤੀ ਚਿੰਨ੍ਹ

ਪੰਜਾਬੀ ਸਭਿਆਚਾਰ ਆਪਣੇ ਅੰਦਰ ਅਨੇਕਾਂ ਅਜਿਹੇ ਸ਼ਬਦਾਂ, ਵਸਤੂਆਂ ਅਤੇ ਰਿਵਾਇਤਾਂ ਨੂੰ ਸਮੇਟੀ ਬੈਠਾ ਹੈ, ਜੋ ਸਮੇਂ ਦੀ ਤੇਜ਼ ਰਫ਼ਤਾਰ ਵਿੱਚ ਅੱਜ ਹੌਲੀ-ਹੌਲੀ ਵਿਸਰਦੇ ਜਾ ਰਹੇ ਹਨ। ਅਜੋਕੀ ਪੀੜ੍ਹੀ, ਜੋ ਆਧੁਨਿਕ ਸਹੂਲਤਾਂ ਨਾਲ ਉਤਪੋਤ ਹੈ, ਕਈ ਵਾਰ ਆਪਣੀ ਮਿੱਟੀ ਨਾਲ ਜੁੜੇ ਇਸ ਕੀਮਤੀ ਖ਼ਜ਼ਾਨੇ ਤੋਂ ਅਣਜਾਣ ਰਹਿ ਜਾਂਦੀ ਹੈ। ਅਜਿਹੇ ਹੀ ਵਿਸਰਦੇ ਸ਼ਬਦਾਂ ਵਿੱਚੋਂ ਇੱਕ ਮਹੱਤਵਪੂਰਨ ਸ਼ਬਦ ਹੈ 'ਮੂਸਲ'। 'ਮੂਸਲ' ਪੰਜਾਬੀ ਕਿਸਾਨੀ ਜੀਵਨ ਦਾ ਅਟੁੱਟ ਅੰਗ ਰਿਹਾ ਹੈ।

ਇਹ ਸਿਰਫ਼ ਇੱਕ ਕੱਖਾਂ ਦਾ ਢਾਂਚਾ ਨਹੀਂ ਸੀ, ਸਗੋਂ ਪਿੰਡ ਦੀ ਆਰਥਿਕਤਾ, ਪਸ਼ੂ-ਪਾਲਣ ਅਤੇ ਸਾਂਝੀਵਾਲਤਾ ਦੀ ਜ਼ਿੰਦਗੀ ਦਾ ਪ੍ਰਤੀਕ ਸੀ। ਮੂਸਲ ਨੂੰ ਵੱਖ-ਵੱਖ ਇਲਾਕਿਆਂ ਵਿੱਚ ਵੱਖਰੇ ਨਾਵਾਂ ਨਾਲ ਜਾਣਿਆ ਜਾਂਦਾ ਹੈ। ਮਾਝੇ ਦੇ ਖੇਤਰ ਵਿੱਚ ਇਸਨੂੰ 'ਮੂਸਲ' ਕਿਹਾ ਜਾਂਦਾ ਹੈ, ਜਦਕਿ ਦੁਆਬੇ ਅਤੇ ਮਾਲਵੇ ਵਿੱਚ ਇਹ 'ਕੁੱਪ' ਦੇ ਨਾਮ ਨਾਲ ਪ੍ਰਚਲਿਤ ਹੈ। ਮੂਸਲ ਦਾ ਮੁੱਖ ਉਦੇਸ਼ ਪਸ਼ੂਆਂ ਦੇ ਸੁੱਕੇ ਚਾਰੇ ਨੂੰ ਲੰਬੇ ਸਮੇਂ ਲਈ ਸੰਭਾਲ ਕੇ ਰੱਖਣਾ ਹੈ। ਇਹ ਚਾਰਾ ਕਣਕ ਦੇ ਨਾੜ ਤੋਂ ਬਣਦਾ ਹੈ , ਜਿਸਨੂੰ ਤੂੜੀ ਕਿਹਾ ਜਾਂਦਾ ਹੈ। ਤੂੜੀ ਬਹੁਤ ਹੀ ਬਾਰੀਕ ਹੁੰਦੀ ਹੈ ਅਤੇ ਤੇਜ਼ ਹਵਾਵਾਂ ਵਿੱਚ ਆਸਾਨੀ ਨਾਲ ਉੱਡ ਜਾਂਦੀ ਹੈ। ਇਸ ਲਈ ਤੂੜੀ ਨੂੰ ਇਕੱਠਾ ਕਰਕੇ ਨਿਸ਼ਚਿਤ ਥਾਂ 'ਤੇ ਸੁਚੱਜੇ ਢੰਗ ਨਾਲ ਮੂਸਲ ਬਣਾਇਆ ਜਾਂਦਾ ਸੀ। ਇਹ ਵੈਸਾਖ ਮਹੀਨੇ ਵਿੱਚ ਕਣਕ ਦੀ ਵਢਾਈ ਤੋਂ ਬਾਅਦ ਜੋ ਜੇਠ ਹਾੜ ਮਹੀਨੇ ਤੂੜੀ ਦਾ ਕੰਮ ਖ਼ਤਮ ਕਰ ਦਿੱਤਾ ਜਾਂਦਾ ਹੈ। ਮੂਸਲ ਦੀ ਬਣਤਰ ਆਪਣੇ ਆਪ ਵਿੱਚ ਇੱਕ ਕਲਾ ਦਾ ਨਮੂਨਾ ਹੁੰਦੀ ਹੈ। ਹੇਠੋਂ ਗੋਲਾਈਦਾਰ ਅਤੇ ਉਪਰ ਵੱਲ ਤ੍ਰਿਕੋਣੇ ਆਕਾਰ ਵਿੱਚ ਉਭਰਦਾ ਮੂਸਲ, ਤੂੜੀ ਦੀ ਮਾਤਰਾ ਅਨੁਸਾਰ ਆਪਣੀ ਉਚਾਈ ਧਾਰਨ ਕਰਦਾ ਹੈ। ਇਸਨੂੰ ਤਿਆਰ ਕਰਨ ਲਈ ਸੁੱਕਾ ਨਾੜ, ਕਾਈ ਅਤੇ ਪਰਾਲੀ ਵਰਤੀ ਜਾਂਦੀ ਹੈ। ਮੂਸਲ ਨੂੰ ਮਜ਼ਬੂਤੀ ਨਾਲ ਬੰਨ੍ਹਣ ਲਈ ਜਿਸ ਰੱਸੀ ਦੀ ਵਰਤੋਂ ਹੁੰਦੀ ਹੈ, ਉਸਨੂੰ 'ਬੇੜ' ਕਿਹਾ ਜਾਂਦਾ ਹੈ ਪ੍ਰੰਤੂ ਮਾਝੇ ਦੇ ਹੀ ਕਈ ਇਲਾਕਿਆਂ ਵਿੱਚ ਬੇੜ ਨੂੰ 'ਖੱਬੜ' ਕਿਹਾ ਜਾਂਦਾ ਹੈ। ਬੇੜ ਬਣਾਉਣ ਲਈ ਪਰਾਲੀ ਨੂੰ ਪਹਿਲਾਂ ਪਾਣੀ ਵਿੱਚ ਭਿਉਂ ਕੇ ਨਰਮ ਕੀਤਾ ਜਾਂਦਾ ਹੈ, ਫਿਰ ਵਟੱਣਿਆਂ ਰਾਹੀਂ ਵੱਟ ਚਾੜ੍ਹ ਕੇ ਰੱਸੀ ਤਿਆਰ ਕੀਤੀ ਜਾਂਦੀ ਹੈ। ਬੇੜ ਬਣਾਉਣਾ ਜਿੱਥੇ ਆਮ ਲੋਕਾਂ ਲਈ ਸਿੱਖਣਯੋਗ ਹੈ ਪ੍ਰੰਤੂ ਉੱਥੇ ਮੂਸਲ ਬਣਾਉਣਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ ਹੈ। ਇਹ ਤਜ਼ਰਬੇ, ਸਬਰ ਅਤੇ ਕਾਰੀਗਰੀ ਦੀ ਮੰਗ ਕਰਦਾ ਹੈ।

ਜੋ ਵਿਅਕਤੀ ਇਸ ਕਲਾ ਨੂੰ ਸਿੱਖਣ ਦਾ ਸ਼ੌਕ ਰੱਖਦਾ, ਉਹ ਹੌਲੀ-ਹੌਲੀ ਇਸ ਵਿੱਚ ਨਿਪੁੰਨਤਾ ਹਾਸਲ ਕਰ ਲੈਂਦਾ ਹੈ। ਪੁਰਾਣੇ ਸਮਿਆਂ ਵਿੱਚ ਕਿਸਾਨ ਦੀ ਅਮੀਰੀ ਦਾ ਅੰਦਾਜ਼ਾ ਉਸ ਦੇ ਮੂਸਲਾਂ ਦੀ ਗਿਣਤੀ ਤੋਂ ਲਾਇਆ ਜਾਂਦਾ ਸੀ। ਕਈ ਕਿਸਾਨ ਆਪਣੀ ਲੋੜ ਤੋਂ ਵੱਧ ਮੂਸਲ ਇਸ ਲਈ ਬਣਾਉਂਦੇ ਸਨ ਤਾਂ ਜੋ ਵੇਚ-ਵੱਟ ਕਰਕੇ ਆਰਥਿਕ ਲਾਭ ਹਾਸਲ ਕਰ ਸਕਣ। ਜਿਨ੍ਹਾਂ ਘਰਾਂ ਵਿੱਚ ਤੂੜੀ ਦੀ ਘਾਟ ਪੈ ਜਾਂਦੀ ਹੈ, ਉਹ ਆਸਾਨੀ ਨਾਲ ਮੂਸਲ ਖ਼ਰੀਦ ਕੇ ਆਪਣੇ ਪਸ਼ੂਆਂ ਲਈ ਚਾਰੇ ਦੀ ਸਮੱਸਿਆ ਦਾ ਹੱਲ ਕਰ ਲੈਂਦੇ ਹਨ। ਆਮ ਤੌਰ 'ਤੇ ਹਰੇ ਚਾਰੇ ਵਿੱਚ ਵੜੇਵੇਂ ਅਤੇ ਖਲ ਦੇ ਤੂੜੀ ਰਲਾ ਕੇ ਪਸ਼ੂਆਂ ਨੂੰ ਪਾਈ ਜਾਂਦੀ ਹੈ, ਹਾਲਾਂਕਿ ਕਈ ਵਾਰ ਇਸਨੂੰ ਇਕੱਲੀ ਵੀ ਖੁਰਲੀ ਵਿੱਚ ਪਾ ਦਿੱਤਾ ਜਾਂਦਾ ਹੈ । ਪਰ ਮੂਸਲ ਦੀ ਮਹੱਤਤਾ ਸਿਰਫ਼ ਕਿਸਾਨਾਂ ਤੱਕ ਸੀਮਿਤ ਨਹੀਂ ਹੈ। ਇਹ ਜਾਨਵਰਾਂ, ਪੰਛੀਆਂ ਅਤੇ ਮਨੁੱਖੀ ਜੀਵਨ ਨਾਲ ਵੀ ਡੂੰਘੀ ਤਰ੍ਹਾਂ ਜੁੜਿਆ ਹੋਇਆ ਹੈ। ਘਰੇਲੂ ਔਰਤਾਂ ਮੂਸਲ ਦੇ ਨੇੜੇ ਕੱਦੂ, ਕਾਲੀ ਤੋਰੀ ਅਤੇ ਪੜੋਲਾਂ ਦੇ ਬੀ ਬੀਜੀ ਦਿੰਦੀਆਂ ਸਨ, ਤਾਂ ਜੋ ਵੇਲਾ ਮੂਸਲ ਉਪਰ ਚੜ੍ਹ ਕੇ ਸਬਜ਼ੀਆਂ ਦੇਣ।

ਇਸ ਤਰ੍ਹਾਂ ਮੂਸਲ ਮਨੁੱਖ ਦੀ ਖ਼ੁਰਾਕ ਦਾ ਵੀ ਇੱਕ ਅਹਿਮ ਸਾਧਨ ਬਣ ਜਾਂਦਾ ਹੈ। ਚਿੜੀਆਂ ਅਤੇ ਗਟਾਰ (ਸ਼ਾਰਕ) ਮੂਸਲ ਦੀ ਟੀਸੀ 'ਤੇ, ਬੋਦੀ ਦੇ ਹੇਠਾਂ, ਆਲ੍ਹਣੇ ਬਣਾ ਕੇ ਆਂਡੇ ਦਿੰਦੀਆਂ ਹੈ, ਜਿੱਥੇ ਉਨ੍ਹਾਂ ਦੇ ਬੱਚੇ ਸੁਰੱਖਿਅਤ ਰਹਿੰਦੇ ਹਨ। ਪਿੰਡਾਂ ਵਿੱਚ ਮੂਸਲ ਬੱਚਿਆਂ ਲਈ ਮਨੋਰੰਜਨ ਦਾ ਸਾਧਨ ਵੀ ਹੈ। ਛੋਟੇ ਬੱਚੇ ਮੂਸਲ ਉਪਰ ਚੜ੍ਹ ਕੇ ਖੇਡਦੇ, ਹੱਸਦੇ ਤੇ ਮਸਤੀ ਕਰਦੇ ਹਨ। ਸਰਦੀਆਂ ਦੇ ਮੌਸਮ ਵਿੱਚ ਕੁੱਤੇ ਅਤੇ ਬਿੱਲੀਆਂ ਠੰਡ ਤੋਂ ਬਚਣ ਲਈ ਮੂਸਲ ਵਿੱਚ ਲੁੱਕ ਕੇ ਤੂੜੀ ਵਿਚੋਂ ਨਿੱਘ ਮਹਿਸੂਸ ਕਰਦੇ ਹਨ। ਪਿੰਡਾਂ ਦੇ ਬਜ਼ੁਰਗ ਵੀ ਸਿਆਲ ਦੀ ਠੰਡੀ ਰੁੱਤ ਵਿੱਚ ਖੇਸ ਦੀ ਬੁੱਕਲ ਮਾਰ ਕੇ ਮੂਸਲ ਨਾਲ ਢੋਅ ਲਾ ਕੇ ਧੁੱਪ ਸੇਕਦੇ ਹੁੰਦੇ ਸਨ।ਕਈ ਵਾਰ ਔਰਤਾਂ ਪਾਥੀਆਂ ਵੀ ਮੂਸਲ ਦੇ ਉੱਤੇ ਲਗਾ ਦਿੰਦੀਆਂ ਹਨ। ਇਸ ਤੋਂ ਇਲਾਵਾ ਨੌਜਵਾਨ ਮੁੰਡੇ ਤੇ ਕੁੜੀਆਂ ਲਈ ਦਿਲਾਂ ਦੇ ਭੇਦ ਅਤੇ ਪਿਆਰ ਦਾ ਇਜ਼ਹਾਰ ਮੂਸਲ ਦੇ ਉਹਲੇ ਕੀਤਾ ਜਾਂਦਾ ਸੀ।

ਗਰਮੀਆਂ ਦੇ ਮੌਸਮ ਵਿੱਚ ਪਰਿਵਾਰਿਕ ਮੈਂਬਰ ਮੰਜੀ ਡਾਹ ਕੇ ਛਾਂਵੇਂ ਬੈਠ ਕੇ ਘਰਾਂ ਦੇ ਛੋਟੇ ਕੰਮਕਾਜ ਕਰਦੇ ਸਨ। ਇਸ ਤਰ੍ਹਾਂ ਮੂਸਲ ਸਿਰਫ਼ ਤੂੜੀ ਦਾ ਢੇਰ ਨਹੀਂ ਸੀ, ਸਗੋਂ ਪਿੰਡ ਦੀ ਸਾਂਝੀ ਜ਼ਿੰਦਗੀ, ਪ੍ਰਕ੍ਰਿਤੀ ਨਾਲ ਤਾਲਮੇਲ ਅਤੇ ਪੰਜਾਬੀ ਸਭਿਆਚਾਰ ਦੀ ਜਿਉਂਦੀ-ਜਾਗਦੀ ਤਸਵੀਰ ਹੈ। ਅਜੋਕੇ ਸਮੇਂ ਵਿੱਚ ਵੀ ਟਾਂਵੇ ਟਾਂਵੇ ਮੂਸਲਾਂ ਦੀ ਝਲਕ ਅੱਜੇ ਵੀ ਦਿਖਾਈ ਦਿੰਦੀ ਹੈ। ਵਰਤਮਾਨ ਸਮੇਂ ਵਿੱਚ ਮੂਸਲ ਦਾ ਕਿਰਦਾਰ ਲੋਕ ਕਲਾ ਪ੍ਰਦਰਸ਼ਨੀ ਦਾ ਸ਼ਿੰਗਾਰ ਬਣਦਾ ਜਾ ਰਿਹਾ ਹੈ।ਅੱਜ ਜਦੋਂ ਮਸ਼ੀਨੀਕਰਨ ਨੇ ਇਸ ਦੀ ਥਾਂ ਲੈ ਲਈ ਹੈ, ਤਦ ਇਹ ਸਾਡੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਇਨ੍ਹਾਂ ਵਿਸਰਦੇ ਜਾ ਰਹੇ ਸ਼ਬਦਾਂ ਅਤੇ ਵਿਰਾਸਤ ਨੂੰ ਲਿਖਤਾਂ ਅਤੇ ਯਾਦਾਂ ਰਾਹੀਂ ਸੰਭਾਲ ਕੇ ਰੱਖੀਏ।

ਡਾ. ਸੁਖਵਿੰਦਰ ਕੌਰ
ਮੁਖੀ ਪੰਜਾਬੀ ਵਿਭਾਗ
ਪੰਡਿਤ ਮੋਹਨ ਲਾਲ ਐਸ ਡੀ ਕਾਲਜ ਫਾਰ ਵੂਮੇਨ ਗੁਰਦਾਸਪੁਰ
73550-83007
drsukhwinderkaur2004@gmail.com

Now Open New Banquet Hall in Sacramento
For more info: Contact Paul : (916)334-6000



JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD,
SACRAMENTO, CA 95841
+1-917-915-4142
FREMONT, CA
3155 KEARNEY ST, SUITE
#248, FREMONT, CA 94538
+1-510-657-6444
NEW YORK, NY
108-14 JAMAICA AVENUE,
RICHMOND HILL, NY 11418
+1-718-533-8444
FRESNO, CA
1625 E SHAW AVE #122,
FRESNO, CA 93711
+1-559-271-5511
NEW JERSEY, NJ
2060 OAK TREE ROAD #1,
EDISON, NEW JERSEY, 08820
+1-732-453-6699
LOS ANGELES, CA
1013 N BEGONIA AVE,
ONTARIO, CA 91762
+1-917-915-4142
CONTACT
+1-917-915-4142
Jaspreetsinghlaoffice@gmail.com


CIS
CALIFORNIA
IMMIGRATION SERVICES
YOUR REGISTERED & BONDED “IMMIGRATION-CONSULTANTS”
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com

# JK TYRE INC

JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600

With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-

With Installation
Singh: 510-766-9382

**Firestone FS591**

SPECIAL OFFER !!

STEER TIRE
295/75R22.5

With Installation
Singh: 510-766-9382



11R22.5

With Installation
Singh: 510-766-9382

**Sizes available in drive & trailer**

295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-

With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-

With Installation
Singh: 510-766-9382



FALKEN TIRES | GOODYEAR | KELLY TIRES | BARKLEY | PIRELLI
MICHELIN A better way forward | BRIDGESTONE | Firestone | YOKOHAMA
PEARLY | NAMA | TOYO TIRES driven to perform | Continental | DUNLOP TIRES

## S. Singh Cell: (510) 766-9382

2955 N. Wilson Way Stockton , CA 95205

# ਰੁੱਤ ਪੜ੍ਹਨ ਦੀ ਆਈ

ਪੜ੍ਹਨੇ ਦੀ ਰੁੱਤ ਹੁਣ ਆਈ ਬੱਚਿਓ।
ਦਿਲ ਲਾ ਕੇ ਕਰ ਲਓ ਪੜ੍ਹਾਈ ਬੱਚਿਓ।
ਹੁਣ ਥੋੜੇ ਪੱਕੇ ਪੇਪਰ ਵੀ ਆਉਣ ਗੇ।
ਦੁਹਰਾਈ ਥੋਨੂੰ ਟੀਚਰ ਕਰਾਉਣ ਗੇ।
ਰੱਖਿਓ ਧਿਆਨ ਟਿਕਾਈ ਬੱਚਿਓ।
ਪੜ੍ਹਨੇ ਦੀ ਰੁੱਤ...।
ਜਿਹੜੇ ਬੱਚੇ ਚੰਗੇ ਨੰਬਰ ਲੈਣ 'ਗੇ।
ਨਵੀਆਂ ਕਲਾਸਾਂ ਵਿੱਚ ਜਾ ਕੇ ਬਹਿਣ 'ਗੇ।
ਨਾਲਾਇਕ ਬੈਠਣਗੇ ਮੂੰਹ ਲੁਕਾਈ ਬੱਚਿਓ।
ਪੜ੍ਹਨੇ ਦੀ ਰੁੱਤ...।
ਸਾਲ ਪਿੱਛੋਂ ਇਮਤਿਹਾਨ ਆਉਂਦੇ ਨੇ।
ਕੀਤੀ ਹੋਈ ਮਿਹਨਤ ਦਾ ਮੁੱਲ ਪਾਉਂਦੇ ਨੇ।
ਜਾਣੀ ਪੜ੍ਹ ਕੇ ਕਿਸਮਤ ਚਮਕਾਈ ਬੱਚਿਓ।
ਪੜ੍ਹਨੇ ਦੀ ਰੁੱਤ...।
ਹੁਣ ਨਾ ਤੁਸੀਂ ਕੋਈ ਬਹਾਨਾ ਘੜਿਓ।
ਮਨ ਚਿਤ ਲਾ ਕੇ ਪੂਰਾ ਪੂਰਾ ਪੜ੍ਹਿਓ।
ਬਹੁਤ ਔਖੀ ਮਾਪਿਆਂ ਦੀ ਕਮਾਈ ਬੱਚਿਓ।
ਪੜ੍ਹਨੇ ਦੀ ਰੁੱਤ.
ਨਵੀਆਂ ਕਲਾਸਾਂ ਵਿੱਚ 'ਪੱਤੋ' ਜਾਵੇਗਾ।
ਦੋਸਤਾਂ ਦੇ ਵਿੱਚ ਫਿਰ ਮਾਣ ਪਾਵੇਗਾ।
ਜ਼ਿੰਦਗੀ ਜਾਣੀ ਰੁਸ਼ਨਾਈ ਬੱਚਿਓ।
ਪੜ੍ਹਨੇ ਦੀ ਰੁੱਤ ਹੁਣ ਆਈ ਬੱਚਿਓ
ਦਿਲ ਲਾ ਕੇ ਕਰ ਲਓ ਪੜ੍ਹਾਈ ਬੱਚਿਓ।




# ਬੱਚਤ

ਮੱਘਰ ਆਪਣੇ ਪਰਿਵਾਰ ਦੇ ਨਾਲ ਸਾਰੇ ਪਿੰਡ ਵਿੱਚ ਵੀ ਆਪਣੀ ਕੰਜੂਸੀ ਕਰਕੇ ਮਸ਼ਹੂਰ ਸੀ।ਉਸਦੀ ਇਸ ਕੰਜੂਸੀ ਕਰਕੇ ਹੀ ਪਿੰਡ ਵਾਲਿਆਂ ਨੇ ਉਸਦਾ ਨਾਂ ਮੱਘਰ ਮੱਖੀ ਚੂਸ ਰੱਖਿਆ ਹੋਇਆ ਸੀ।ਉਹ ਘਰ ਦੀ ਨਿੱਕੀ ਨਿੱਕੀ ਚੀਜ਼ ਵਰਤਣ ਦੇ ਮਾਮਲੇ ਵਿੱਚ ਕੰਜੂਸੀ ਕਰਦਾ ਘਰ ਦੇ ਹਰੇਕ ਜੀਅ ਨੂੰ ਟੋਕਦਾ ਰਹਿੰਦਾ ਸੀ। ਇੱਥੋਂ ਤੱਕ ਕਿ ਉਹ ਆਪਣੀ ਪਤਨੀ ਨੂੰ ਵੀ ਘਰ ਵਿੱਚ ਚਾਹ ਦੇ ਕੱਪ ਗਿਣ ਕੇ ਤੇ ਮਿਣ ਕੇ ਬਣਾਉਣ ਦਿੰਦਾ ਸੀ।ਉਹ ਘਰ ਦੀ ਕਿਸੇ ਚੀਜ਼ ਤੇ ਇੱਕ ਰੁਪਿਆ ਖ਼ਰਚ ਕਰਨ ਲੱਗਿਆਂ ਵੀ ਸੌ ਵਾਰੀ ਸੋਚਦਾ ਹੁੰਦਾ ਸੀ। ਪਰ ਅਚਾਨਕ ਉਸਨੂੰ ਪਤਾ ਨਹੀਂ ਕੀ ਹੋਇਆ ਪਿਛਲੇ ਦਿਨੀਂ ਉਹ ਅੱਗੜ ਪਿੱਛੜ ਕਈ ਨਵੀਆਂ ਚੀਜ਼ਾਂ ਖਰੀਦ ਲਿਆਇਆ ਸੀ ਜਿਨ੍ਹਾਂ ਵਿੱਚ ਗੀਜਰ ਤੇ ਬਿਜਲੀ ਵਾਲਾ ਚੁੱਲ੍ਹਾ ਆਦਿ ਸ਼ਾਮਿਲ ਸੀ।

ਮੱਘਰ ਨੂੰ ਇਸ ਤਰ੍ਹਾਂ ਚੀਜ਼ਾਂ ਖ਼ਰੀਦਦੇ ਵੇਖ ਕੇ ਜਿੱਥੇ ਸਾਰਾ ਪਰਿਵਾਰ ਹੈਰਾਨ ਸੀ ਉੱਥੇ ਹੀ ਉਸਦੀ ਪਤਨੀ ਨੂੰ ਅੰਦਰੋਂ ਅੰਦਰੀ ਚਿੰਤਾ ਜਿਹੀ ਹੋ ਰਹੀ ਸੀ।ਆਖਰ ਇੱਕ ਦਿਨ ਮੱਘਰ ਦੀ ਪਤਨੀ ਨੇ ਸਵੇਰੇ ਚੁੱਲ੍ਹੇ ਮੂਹਰੇ ਚਾਹ ਪੀਂਦਿਆਂ ਉਸਨੂੰ ਪੁੱਛ ਹੀ ਲਿਆ, 'ਕੀ ਗੱਲ ਹੈ ਜੀ ਥੋਡਾ ਚਿੱਤ ਤਾਂ ਰਾਜ਼ੀ ਹੈ ਇਹ ਨਿੱਤ ਨਵੀਆਂ ਚੀਜ਼ਾਂ ਕਿਵੇਂ ਖ਼ਰੀਦ ਰਹੇ ਹੋ ਖ਼ੈਰ ਤਾਂ ਹੈ ? ਆਹ ਗੀਜਰ ਤੇ ਬਿਜਲੀ ਵਾਲੇ ਚੁੱਲ੍ਹੇ ਤੋਂ ਆਪਾਂ ਕੀ ਕਰਾਉਣਾ ਸੀ ਚੰਗਾ ਭਲਾ ਘਰ ਵਿੱਚ ਗੈਸੀ ਚੁੱਲ੍ਹਾ ਤਾਂ ਹੈ ਸੀ ਫਿਰ ਤੁਸੀਂ ਇਹ ਬਿਜਲੀ ਵਾਲਾ ਐਵੇਂ ਚੁੱਕ ਲਿਆਏ ਹੋ।ਆਹੋ ਥੋਨੂੰ ਤਾਂ ਹਰ ਚੀਜ਼ ਐਵੇਂ ਵਾਧੂ ਹੀ ਲੱਗਦੀ ਹੈ ਪਰ ਕਦੇ ਬਿਜਲੀ ਦਾ ਬਿੱਲ ਵੇਖਿਆ ਹੈ। ਸਰਕਾਰ ਨੇ ਕਿੰਨੇ ਮਹੀਨੇ ਹੋ ਗਏ ਛੇ ਸੌ ਯੂਨਿਟਾਂ ਮਾਫ਼ ਕੀਤੀਆਂ ਹੋਈਆਂ ਹਨ ਪਰ ਆਪਾਂ ਦੋ ਮਹੀਨਿਆਂ ਵਿੱਚ ਸੌ ਕੁ ਯੂਨਿਟ ਹੀ ਮਸਾਂ ਖ਼ਰਚ ਰਹੇ ਹਾਂ।ਕਦੇ ਹਿਸਾਬ ਲਾ ਕੇ ਵੇਖਿਆ ਕਿ ਆਪਣੀ ਮੁਫ਼ਤ ਵਾਲੀ ਪੰਜ ਸੌ ਯੂਨਿਟ ਤਾਂ ਐਵੇਂ ਹੀ ਜਾ ਰਹੀ ਹੈ।ਮੈਂ ਤਾਂ ਹੀ ਇਹ ਗੀਜਰ ਤੇ ਚੁੱਲ੍ਹਾ ਲਿਆਇਆ ਹਾਂ ਕਿ ਆਪਾਂ ਵੀ ਹੁਣ ਅੱਗੇ ਤੋਂ ਘਰ ਵਿੱਚ ਬਿਜਲੀ ਵਾਲੇ ਚੁੱਲ੍ਹੇ ਤੇ ਗੀਜਰ ਦੀ ਵਰਤੋਂ ਕਰਿਆ ਕਰੀਏ। ਜੇ ਇਹਨਾਂ ਦੀ ਵਰਤੋਂ ਕਰਾਂਗੇ ਨਾਲੇ ਤਾਂ ਘਰ ਵਿੱਚ ਬਾਲਣ ਤੇ ਗੈਸ ਦੀ ਬੱਚਤ ਹੋਵੇਗੀ ਤੇ ਨਾਲੇ ਆਪਣੀਆਂ ਮੁਫ਼ਤ ਵਾਲੀਆਂ ਯੂਨਿਟਾਂ ਵੀ ਖ਼ਰਚ ਹੋ ਜਾਇਆ ਕਰਨਗੀਆਂ।ਪਰ ਬਾਪੂ ਜੀ ਇਹ ਬੱਚਤ ਨਹੀਂ ਬਰਬਾਦੀ ਹੈ ਕੋਲ ਬੈਠੇ ਮੁੰਡੇ ਨੇ ਉਸਦੀ ਗੱਲ ਨੂੰ ਵਿੱਚੋਂ ਹੀ ਟੋਕਦਿਆਂ ਕਿਹਾ। ਬੱਸ ਰਹਿਣ ਦੇ ਉਏ ਵੱਡਿਆਂ ਪੜਾਕੂਆਂ ਚਾਰ ਅੱਖ਼ਰ ਪੜ੍ਹ ਕੇ ਮੈਨੂੰ ਗਿਆਨ ਦੇਣ ਲੱਗ ਪਿਆ ਹੈ। ਸਿਆਣਿਆਂ ਨੇ ਕਿਹਾ ਹੈ ਜੇਕਰ ਸਰਕਾਰ ਮੁਫ਼ਤ ਵਿੱਚ ਤੇਲ ਵੰਡ ਰਹੀ ਹੋਵੇ ਤੇ ਕੋਲ ਭਾਂਡਾ ਨਾ ਹੋਵੇ ਤਾਂ ਤੇਲ ਆਪਣੇ ਜੋੜਿਆਂ ਵਿੱਚ ਪਵਾ ਲੈਣਾ ਚਾਹੀਦਾ ਹੈ ਤੇ ਤੂੰ ਬੱਚਤ ਲਈ ਮੁਫ਼ਤ ਦੀ ਸਹੂਲਤ ਛੱਡਣ ਦੀ ਸਲਾਹ ਦੇ ਰਿਹਾ ਹੈ ਸ਼ਾਬਾਸ਼ ! ਤੇਰੀਆਂ ਪੜ੍ਹੀਆਂ ਦੇ। ਮੱਘਰ ਗੁੱਸੇ ਵਿੱਚ ਉੱਚੀ ਉੱਚੀ ਬੋਲਦਾ ਚੁੱਲ੍ਹੇ ਮੂਹਰੋਂ ਉੱਠ ਕੇ ਬਾਹਰ ਵੱਲ ਨੂੰ ਤੁਰ ਗਿਆ ਸੀ।




LARRY T. NIERMEYER
Attorney at Law



OFFERING SERVICES IN
THE FOLLOWING AREAS

1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation





PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com


JVS LOGISTICS
2345 Enterprise Park Place Indianapolis Indiana, 46218
• ਇਥੇ ਸੈਮੀ ਟਰੱਕ ਟ੍ਰੇਲਰ ਦੀ ਮੁਰੰਮਤ ਕੀਤੀ ਜਾਂਦੀ ਹੈ
• ਇਥੇ ਅਸੀਂ Brakes, Drums, Tires, Radiators, Seals, Shocks, Air Bag ਵਰਗੀਆਂ ਸੇਵਾਵਾਂ ਦਿੰਦੇ ਹਾਂ
• ਸੇਮੀ ਟਰੱਕ ਅਤੇ ਟ੍ਰੇਲਰ ਦੀ ਪਾਰਕਿੰਗ lease ਤੇ ਲੈ ਸਕਦੇ ਹੋ
• ਕਰਾਸ ਡੌਕ ਸੇਵਾਵਾਂ
• ਲੋਡ ਟ੍ਰਾਂਸਫਰ ਅਤੇ ਰੀਸਟਾਕ ਕਰੋ
• ਟਿਲਟੇਡ ਪੈਲੇਟਸ ਨੂੰ ਸਿਧੇ ਕੀਤੇ ਜਾਂਦੇ ਹਨ
• ਖਿਲਰੇ ਹੋਏ ਲੋਡ ਨੂੰ ਰੀਸਟਾਕ ਕਰਵਾਓ
• ਇੰਡੀਆਨਾ ਏਰੀਏ 'ਚ ਲੋਡ ਡਿਲੇਵਰ ਕਰਵਾਓ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
jvslogisticsllc@outlook.com
JUGDEV SAMRA (317) 379-4065
SUKHDEV SAMRA (317) 250-3545
ਸਾਡੀ ਇਹ ਲੋਕੇਸ਼ਨ Near - Indianapolis Downtown on I-70, Exit 85B, Keystone Avenue


Arrested ?
DUI ?
Drug Charges ?
Gun Violation ?
Ghuman Law Group
GHUMAN LAW GROUP
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001

SANJHI SOCH TV & DAILY NEWSPAPER

TO EXPAND YOUR BUSINESS IN INDIAN COMMUNITY

Through Newspaper & T.V, Advertise with us just as low as $100 PER MONTH.

Call +1 (209) 303-1260

ਆਪਣੇ ਕਾਰੋਬਾਰ ਨੂੰ ਭਾਰਤੀ ਭਾਈਚਾਰੇ ਵਿੱਚ ਅਖ਼ਬਾਰ ਅਤੇ ਟੀਵੀ ਰਾਹੀ ਵਧਾਉਣ ਲਈ ਸਾਨੂੰ ਇਸ਼ਤਿਹਾਰ ਦਿਉ

ਇਸ਼ਤਿਹਾਰ ਲਾਉਣ ਦੀ ਕੀਮਤ ਸਿਰਫ $100 ਤੋਂ ਸ਼ੁਰੂ ਹੁੰਦੀ ਹੈ

www.sanjhisoch.com Sanjhi Soch TV NRI

ਟੀ.ਵੀ. ਪੱਤਰਕਾਰਾਂ ਦੀ ਜ਼ਰੂਰਤ

ਸਾਂਝੀ ਸੋਚ ਟੀ.ਵੀ. ਲਈ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਚੰਡੀਗੜ੍ਹ ਤੋਂ ਤਜ਼ੁਰਬੇਕਾਰ ਪੱਤਰਕਾਰਾਂ ਦੀ ਜ਼ਰੂਰਤ ਹੈ। ਤਨਖ਼ਾਹ ਯੋਗਤਾ ਅਨੁਸਾਰ।

ਸੰਪਰਕ: +1 (209) 303-1260